# ਵਰਿਆਮ

ਅਪਰੈਲ ੧੯੯੦ ਜਿਲਦ—੧੫ ਅੰਕ—੬

ਵੈਸਾਖੁ ਭਲਾ ਸਾਖਾ ਵੇਸ ਕਰੇ

ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ

ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੇ

ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ

ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ

ਨਾਨਕ ਵੈਸਾਖੀ ਪ੍ਰਭੁ ਭਾਵੈ ਸੁਰਤਿ ਸਬਦਿ ਮਨੁ ਮਾਨਾ

ਤੁਖਾਰੀ ਛੰਤ ਮਹਲਾ ੧
ਬਾਰਹਮਾਹਾ

Sri Satguru Jagjit Singh Ji eLibrary NamdhariElibrary@gmail.com

# 'POONAM'

https://archive.org/details/namdhari

PROUDLY PRODUCES

LIP-SMACKING
EPOCH-MAKING
MOUTH-WATERING

Delightful Delectable Delicious

# BISCUITS

*ALREADY INTRODUCED :*

Glucose, Roshni, Twinke, Orange
Pineapple, Elaichi Cream Biscuits
Fully geared to release Shortly Salty Quality Biscuits

## POONAM BISCUITS PVT. LTD.

E-23 M.I. D. C. Ind. Area
Chikalthana, Aurangabad-431210
Telephone : 8707
Telegrams : POONAM




Sri Satguru Jagjit Singh Ji eLibrary NamdhariElibrary@gmail.com

https://archive.org/details/namdhari

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 2528411
" : 2510345
Resi. : 2213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.



Sri Satguru Jagjit Singh Ji eLibrary NamdhariElibrary@gmail.com

https://archive.org/details/namdhari









Sri Satguru Jagjit Singh Ji eLibrary NamdhariElibrary@gmail.com

# ਤਿੰਨ ਕਵਿਤਾਵਾਂ

—ਇਲਿਆਸ ਘੁੰਮਣ (ਲਾਹੌਰ)—

## ਮਿੱਟੀ ਰੁਲਿਆ ਜੱਟ

ਮੇਰਾ ਮਿੱਟੀ ਮਾਸ ਉਸਾਰਿਆ ਪੰਜ ਪਾਣੀ ਮੇਰੀ ਰੱਤ
ਓਭੜਾਂ ਮੈਨੂੰ ਉਜਾੜਿਆ ਰੋਲੇ ਖੀਸੇ ਖੇਤਾਂ ਵੱਟ—
ਮੇਰਾ ਜੁੱਸਾ ਟੁੱਟਾ ਦੋਸਤੋ ਤੇ ਥਾਂ ਥਾਂ ਲੱਗੇ ਫੱਟ
ਵਿਹੜੇ ਜੜ੍ਹ ਥੀਂ ਮੈਨੂੰ ਵੱਢਿਆ ਦਿਤਾ ਭੋਂ ਨਾਲ ਰਿਸ਼ਤਾ ਕੱਪ
ਮੈਂ ਹਾੜੇ ਪਾ ਨਹੀਂ ਸਕਦਾ ਕਿਂਝ ਵਿਖਾਵਾਂ ਮਾਰੋ ਸੱਟ
ਮੇਰੇ ਰੌਲੇ ਨੂੰ ਵਲੇਟ ਕੇ, ਵੈਰੀ ਦਿਤਾ ਜੇਬ ਨੂੰ ਕੱਟ—
ਮੇਰਾ ਪਿੰਡਾ ਚਾਂਗਾਂ ਮਾਰਦਾ ਰੱਤ ਉਬਲੇ ਖਾ ਖਾ ਵੱਟ
ਹੱਕ ਖੋਹਵਣ ਲਈ ਛੇਤੀ ਆਪਣਾ ਸਾਰੇ ਡੱਕੇ ਦੇਵਾਂ ਪੱਟ—

## ਮੇਰੇ ਪੰਜ ਦਰਿਆ

ਨਾ ਚੜ੍ਹਦੇ ਦਾ ਨਾ ਲਹਿੰਦੇ ਦਾ
ਵਾਰਿਸ ਸ਼ਾਹ ਪੰਜ ਪਾਣੀ ਵਹਿੰਦੇ ਦਾ
ਕਿਉਂ ਧਰਤੀ ਹੀਰ ਦੀ ਵੰਡ ਕਰਾਈਏ
ਏਵੇਂ ਸੀਨਾ ਚੀਰ ਕੇ ਲੇਖ ਲਿਖਾਈਏ

## ਧਰਤੀ ਮਾਂ ਮੇਰਾ ਕਾਬਾ

ਮੈਂ ਬੇਗਾਨੇ ਦੇਸ ਦੀ ਯਾਤਰਾ ਨਹੀਂ ਕਰਦਾ
ਮੈਂ ਸੱਤ ਫੇਰੀਆਂ ਲਾਂਦਾ ਲਾਂਦਾ ਨਹੀਂ ਮਰਦਾ
ਕਿਉਂ ਜੇ ਮੈਂ ਆਪਣੀ ਧਰਤੀ ਤੇ ਉੱਗਿਆ ਬੋਹੜ ਹਾਂ
ਮੈਂ ਸੱਕੀ ਮਾਂ ਨੂੰ ਛੱਡ ਖੁਆਰੀ ਨਹੀਂ ਕਰਦਾ
ਮੇਰੇ ਪੈਰਾਂ ਦੀਆਂ ਜੜ੍ਹਾਂ
ਮਾਂ ਦੇ ਸੀਨੇ ਡੂੰਘੀਆਂ ਖੁੱਭੀਆਂ ਨੇ
ਤੇ ਮੇਰੀਆਂ ਬਾਹਵਾਂ ਜੜ੍ਹਾਂ ਬਣ ਬਣ
ਮਾਂ ਧਰਤੀ ਵੱਲ ਉਲਰੀਆਂ ਨੇ
ਹੁਣ ਜੇ ਕੋਈ ਓਭੜ ਅਨ੍ਹੜ
ਝੂਠਾ ਮੂੰਹ ਜ਼ੋਰ
ਇਹਨੂੰ ਖਾ ਕੇ ਇਹਨੂੰ ਰੋਲੇ
ਏਵੇਂ ਹੱਲੇ ਕਰ-ਕਰ ਬੋਲੇ
ਇਹ ਜ਼ਾਲਮ ਏ ਇਹ ਬੰਜਰ ਏ
ਨਿਆਂ ਫਿਰ ਤੁਸੀਂ ਕਰੋ
ਇਹ ਧਰਤੀ ਜ਼ਾਲਮ ਬੰਜਰ ਏ ?
ਜਾਂ ਬੋਲਣ ਵਾਲਾ ਕੰਜਰ ਏ ??

ਲਿਪੀਅੰਤਰ—ਕੰਵਰ ਇਮਤਿਆਜ਼

# ਵਾਰਿਸਸ਼ਾਹ ਹੁਰਾਂ ਨੂੰ ਖ਼ਤ

(ਹੀਰ ਵਾਰਿਸ ਸ਼ਾਹ ਦੇ ਕਿਰਦਾਰ ਅੱਜ ਦੇ ਦੌਰ ਵਿਚ)

—ਮੁਬਾਰਕ ਅਲੀ ਕੰਵਲ ਨਨਕਾਣਾ ਸਾਹਿਬ—

ਹੀਰ ਤੇ ਨੱਚਣਾ ਗੌਣਾ ਸਿੱਖ ਕੇ ਬਣ ਗਈ ਜੇ ਫ਼ਨਕਾਰ
ਰਾਂਝਾ ਬੀ. ਏ. ਕਰਕੇ ਲੱਭਦਾ ਫਿਰਦਾ ਏ ਰੁਜ਼ਗਾਰ
ਸੁਣ ਤੇਰੇ ਪੰਜਾਬ ਦੀ ਧਰਤੀ ਰੋਵੇ ਜ਼ਾਰੋ-ਜ਼ਾਰ
ਵੰਝਲੀ ਤਾਈਂ ਸੁਣ ਲਉ ਸ਼ਾਹ ਜੀ ਹੱਥ ਨਹੀਂ ਕੋਈ ਲਾਂਦਾ
ਛੁਰੀ, ਕਟਾਰ, ਗੰਡਾਸੀ ਲੈ ਕੇ ਹਰ ਕੋਈ ਦਿਲ ਪਰਚਾਂਦਾ
ਬੰਬ, ਕਲਾ ਸੰਗੀਨਾਂ ਤਾਈਂ ਲੋਕੀਂ ਕਰਦੇ ਪਿਆਰ—
ਸਹਿਤੀ ਦੀ ਵੀ ਸੁਣ ਲਉ ਸ਼ਾਹ ਜੀ ਕੀ ਕੁਝ ਚੰਦ ਚੜ੍ਹਾਏ
ਪਊਡਰ ਲੈ ਹਵਾਈ ਜਹਾਜ਼ ਵਿਚ ਰੋਜ਼ ਵਲਾਇਤ ਨੂੰ ਜਾਏ
ਏਅਰ ਪੋਰਟ ਤੇ ਕਿੰਨੀ ਵਾਰੀ ਫੜੀ ਗਈ ਸਰਕਾਰ—
ਮੁਰਾਦ ਬਲੋਚ ਨੇ ਉਠਨੀ ਵੇਚ ਕੇ ਲਈ ਸਜ਼ੂਕੀ ਕਾਰ
ਸੁਣਿਆਂ ਬਾੜੇ ਦੇ ਵਿਚ ਉਹਦਾ ਚੰਗਾ ਕਾਰੋਬਾਰ
ਪਰਸੋਂ ਸਹਿਤੀ ਦੇ ਲਈ ਮੰਗਵਾਇਆ ਉਹਨੇ ਵੀ.ਸੀ.ਆਰ—
ਹੁਣ ਬੇਲੇ ਵਿਚ ਮੱਝਾਂ ਦੀ ਥਾਂ ਡਾਕੂਆਂ ਡੇਰੇ ਲਾਏ
ਇਹ ਲੋਕਾਂ ਦਾ ਖ਼ੂਨ ਪੀਣ ਲਈ ਫਿਰਦੇ ਨੇ ਤਿਰਹਾਏ
ਚੋਰੀ ਛੁੱਪੀ ਲੁੱਟ ਕੇ ਖਾਧੇ ਇਹਨਾਂ ਸਰ ਬਾਜ਼ਾਰ—
ਸ਼ਾਦੀ ਵਾਲਾ ਦਫ਼ਤਰ ਖੋਹਲਿਆ ਤੇਰੇ ਸੈਦੇ ਖੇੜੇ
ਗੱਲੀਂ ਬਾਤੀਂ ਕਈ ਜਣਿਆਂ ਨੂੰ ਰੋਜ਼ ਖੁਆਵੇ ਪੇੜੇ
ਇਕ ਦੀ ਥਾਵੇਂ ਘਣੀਆਂ ਭੀੜਾਂ ਉਹਦੀਆਂ ਖਿਦਮਤਗਾਰ—
ਉਦੋਂ ਇਕ ਸੀ ਪੂਰਨ ਇਥੇ ਲੱਖਾਂ ਕੇਦੋਂ ਜੰਮੇ
ਇਨਸਾਨਾਂ ਦਾ ਖ਼ੂਨ ਵੇਚ ਕੇ ਨੋਟ ਕਮਾਵਣ ਲੰਮੇ
ਨਾਲ ਉਹਨਾਂ ਦੇ ਰਲੇ ਹੋਏ ਨੇ ਉੱਚੇ ਅਹੁਦੇਦਾਰ—
ਬਾਲ ਨਾਥ ਜੋਗੀ ਨੇ ਸ਼ਹਿਰ 'ਚ ਪਾਏ ਬਹੁਤ ਪੁਆੜੇ
ਕਈਆਂ ਦੇ ਘਰ ਗਾਲੇ ਇਹਨੇ ਕਈ ਮੁਰੀਦ ਉਜਾੜੇ
ਚੰਨਾ ਆਢੇ ਲਾਵਣ ਦੇ ਵਿਚ ਇਹ ਡਾਹਢਾ ਹੁਸ਼ਿਆਰ—
ਕੁਝ ਦਿਨ ਹੋਏ ਹੀਰ ਤੇਰੀ ਦਾ ਕਿੱਧਰੇ ਲੋਂਗ ਗੁਆਚਾ
ਹੁਣ ਤਾਈਂ ਲੱਭਦੇ ਫਿਰਦੇ ਉਹਨੂੰ ਮਾਮਾ, ਤਾਇਆ, ਚਾਚਾ
ਟੈਲੀਵਿਯਨ ਦੇ ਵਿਚ ਆ ਕੇ ਦੱਸ ਗਈ ਕਿੰਨੀ ਵਾਰ—
ਕਾਜ਼ੀ ਸਾਹਬ ਨੇ ਬਦਲੇ ਬਾਣੇ ਬਦਲ ਗਿਆ ਜੱਗ ਸਾਰਾ
ਉਹ ਹੀ ਝੂਠੇ ਫਤਵੇ ਸ਼ਾਹ ਜੀ, ਉਹੋ ਕੂੜ ਪਸਾਰਾ
ਕੁਫ਼ਰ ਦੇ ਭਾਅ ਈਮਾਨ ਵੇਚ ਕੇ ਠੱਗਿਆ ਕੁਲ ਸੰਸਾਰ—
ਅੱਛਾ ਸ਼ਾਹ ਜੀ ਖ਼ੈਰ ਮਿਲਾਂਗੇ ਜੇ ਰੱਬ ਪਾਕ ਮਿਲਾਏ
ਬਾਹਰ ਖਲੋਤੇ ਨੇ ਕੁਝ ਬੰਦੇ ਵੋਟਾਂ ਮੰਗਣ ਆਏ
ਇਹ ਅਲੈਕਸ਼ਨ ਦੇ ਸੀਜ਼ਨ ਵਿਚ 'ਕੰਵਲ' ਜਹੇ ਦੇ ਯਾਰ—
ਸੁਣ ਤੇਰੇ ਪੰਜਾਬ ਦੀ ਧਰਤੀ ਰੋਵੇ ਜ਼ਾਰੋ ਜ਼ਾਰ ।

ਲਿਪੀਅੰਤਰ—ਕੰਵਰ ਇਮਤਿਆਜ਼



Sri Satguru Jagjit Singh Ji eLibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : 5455011

**NAMDHARI MARBLE CO.**

https://archive.org/details/namdhari

PROP. : DAYA SINGH BHUI
ALL KINDS OF MARBLE STONE SUPPLIERS
**WZ-2, Mansarover Garden, Ring Road,**
**NEW DELHI-110015**

For All Kinds of Water Pumps,
Machinery Repair & Other Job Works

**KHALSA**
**Engineering Works**

**Campus Sant Brothers,**
**Near Jewel Cinema, Below Gumat,**
**JAMMU-180001.**
Phone : 48919

**SANT SPORTS**

Manufacturers of :
HIGH QUALITY CRICKET BATS
& OTHER SPORTS ITEMS
**Below Gumat, JAMMU TAWI-180001**
**(J & K)**
Phone : 48820

Manufacturers of :
WOODEN & PLY PACKING CASES

**PARTAP PACKERS**

**B-204, Mansrover Garden,**
**NEW DEHLI-110015.**

**RAINU**
**Engineering Works Regd.**
**Prop. : S. Mohinder Singh**
Specialists in All Kinds of Auto Repairing,
Saw Mills, Millers, Stone Crushers, Gates,
Grils, Tata Rim Plate New Fittings &
Water Tanks
Repair of Honda Generators and
Diesel Generators
**VINAIK BAZAR, JAMMU.**
Phone No. 46894



Sri Satguru Jagjit Singh Ji eLibrary NamdhariElibrary@gmail.com

# ਪਿਆਰ

**ਮੂਲ ਲੇਖਕ :ਮੁਪਾਸਾਂ**
**ਪੰਜਾਬੀ ਰੂਪ : ਸੁਰਜੀਤ ਖੁਰਸ਼ੀਦੀ**

(ਇਕ ਸ਼ਿਕਾਰੀ ਦੀ ਪੁਸਤਕ 'ਚੋਂ ਤਿੰਨ ਪੰਨੇ)

ਹੁਣੇ ਜਹੇ ਇਕ ਅਖਬਾਰ ਵਿਚ ਮੈਂ ਮੋਹ ਬਾਰੇ ਇਕ ਖਬਰ ਪੜ੍ਹੀ ਸੀ—ਪਿਆਰ ਨਾਟਕ ਵਰਗੀ ਖਬਰ। ਉਸ ਨੇ ਉਹ ਮਾਰ ਦਿਤੀ ਸੀ ਅਤੇ ਫੇਰ ਆਪਣੇ ਆਪ ਨੂੰ ਮਾਰ ਦਿਤਾ ਸੀ। ਜ਼ਾਹਰ ਹੈ ਕਿ ਉਹ ਉਸ ਨੂੰ ਪਿਆਰ ਕਰਦਾ ਹੋਵੇਗਾ। ਉਹ ਕਰਦਾ ਸੀ ਕਿ ਉਹ ਕਰਦੀ ਸੀ ਇਸ ਨਾਲ ਕੀ ਫਰਕ ਪੈਂਦਾ ਹੈ। ਮੇਰਾ ਵਾਹ ਤਾਂ ਕੇਵਲ ਪਿਆਰ ਨਾਲ ਹੀ ਹੈ, ਇਹ ਵਾਹ ਕੇਵਲ ਇਸ ਕਰਕੇ ਹੀ ਨਹੀਂ ਹੈ ਇਸ ਨਾਲ ਮੈਂ ਹੈਰਾਨ ਹੋ ਗਿਆ ਜਾਂ ਭਾਵੁਕ ਹੋ ਗਿਆ। ਮੇਰਾ ਵਾਹ ਇਸ ਖਬਰ ਨਾਲ ਇਸ ਕਰਕੇ ਹੈ ਕਿ ਇਸ ਨਾਲ ਮੈਨੂੰ ਆਪਣੀ ਜੁਆਨੀ ਦੀ ਇਕ ਘਟਨਾ ਚੇਤੇ ਆ ਜਾਂਦੀ ਹੈ, ਸ਼ਿਕਾਰ ਸਮੇਂ ਦੀ ਇਕ ਅਦਭੁਤ ਯਾਦ, ਜਿਥੇ ਮੁਹਬਤ ਮੇਰੇ ਲਈ ਇੰਜ ਜ਼ਾਹਰ ਹੋਈ ਜਿਵੇਂ ਮੁਢਲੇ ਈਸਾਈਆਂ ਤੇ ਸਲੀਬ ਪ੍ਰਗਟ ਹੋਈ ਸੀ, ਅਕਾਸ਼ ਦੇ ਵਿਚਕਾਰ।

ਮੈਂ ਆਦਿ ਮਨੁਖ ਵਾਲੇ ਸਾਰੇ ਹਾਵ ਭਾਵ ਲੈ ਕੇ ਜਨਮਿਆ ਸੀ, ਜਿਸ ਨੂੰ ਕਿ ਇਕ ਸਭਿਆ ਹੋਣ ਦੀਆਂ ਸਾਰੀਆਂ ਰੋਕਾਂ-ਟੋਕਾਂ ਅਤੇ ਦਲੀਲਾਂ ਦੀ ਪਾਣ ਚੜ੍ਹੀ ਹੋਈ ਸੀ। ਮੈਨੂੰ ਸ਼ੁਦਾਅ ਦੀ ਹੱਦ ਤਕ ਸ਼ਿਕਾਰ ਖੇਡਣ ਦਾ ਸ਼ੌਕ ਹੈ, ਤੱਦ ਵੀ ਕਿਸੇ ਫੱਟੜ ਜਾਨਵਰ ਦਾ ਦ੍ਰਿਸ਼, ਉਸ ਦੇ ਖੰਭਾਂ ਤੇ ਦਿਸਦੀ ਰੱਤ ਅਤੇ ਮੇਰੇ ਹੱਥਾਂ ਤੇ ਲੱਗੀ ਰੱਤ ਦਾ ਦ੍ਰਿਸ਼ ਮੇਰੇ ਮਨ ਤੇ ਇਤਨਾ ਪਰਭਾਵ ਪਾ ਦੇਂਦਾ ਹੈ ਕਿ ਮੇਰਾ ਮਨ ਸ਼ਿਕਾਰ ਖੇਡਣ ਨੂੰ ਤਿਆਗਣ ਤਕ ਦਾ ਹੋ ਜਾਂਦਾ ਹੈ।

ਉਸ ਵਰ੍ਹੇ, ਪਤਝੜ ਦੇ ਅੰਤ ਤੇ ਸਿਆਲ ਅਚਾਨਕ ਮੁੜ ਆਇਆ ਸੀ। ਮੇਰੇ ਇਕ ਮਸੇਰ ਕਾਰਲ ਦੇ ਰਾਵੇਲ ਨੇ ਮੈਨੂੰ ਤੜਕਸਾਰ ਦੱਲਦਲਾਂ ਵਿਚ ਸਾਰਸਾਂ ਦੇ ਸ਼ਿਕਾਰ ਖੇਡਣ ਲਈ ਸੱਦਾ ਭੇਜਿਆ।

ਮੇਰਾ ਮਸੇਰ ਚਾਲੀਆਂ ਦਾ ਖੁਸ਼ਤਬੀਅਤ, ਕੱਕੇ ਵਾਲਾਂ ਵਾਲਾ, ਦਾੜ੍ਹੀ ਵਾਲਾ, ਚੁਸਤ ਪੇਂਡੂ ਭਦਰਪੁਰਸ਼ ਸੀ, ਪਰ ਸੀ ਉਹ ਅੱਖੜ ਜਿਹਾ, ਖੁਸ਼ ਰਹਿਣਾ ਤੇ ਮਜ਼ਾਕੀਆ ਜਿਸ ਨਾਲ ਉਹ ਨਖਿਧ ਗੱਲ ਨੂੰ ਵੀ ਮਨਵਾ ਸਕਦਾ ਸੀ। ਉਹ ਇਕ ਵਿਸ਼ਾਲ ਵਾਦੀ ਵਿਚ ਇਕ ਫਾਰਮ-ਹਾਸ ਵਿਚ ਰਹਿੰਦਾ ਸੀ ਜਿਥੇ ਕਿ ਇਕ ਨਦੀ ਵਹਿੰਦੀ ਸੀ। ਸੱਜੇ ਅਤੇ ਖੱਬੇ ਪਾਸਿਆਂ ਦੀਆਂ ਪਹਾੜੀਆਂ ਰੁੱਖਾਂ ਨਾਲ ਭਰੀਆਂ ਪਈਆਂ ਸਨ। ਸ਼ਾਨਦਾਰ ਬਰੂਤ ਆਦਿ ਦੇ ਰੁੱਖ ਅਜੇ ਵੀ ਓਥੇ ਬਾਕੀ ਸਨ ਅਤੇ ਜਿਥੇ ਕਿ ਫਰਾਂਸ ਦਾ ਬਹੁਤ ਹੀ ਦੁਰਲੱਭ ਸ਼ਿਕਾਰ ਮਿਲ ਸਕਦਾ ਹੁੰਦਾ ਸੀ, ਉਥੇ ਅਕਸਰ ਬਾਜ਼ਾਂ ਦਾ ਸ਼ਿਕਾਰ ਕੀਤਾ ਜਾਂਦਾ ਸੀ ਅਤੇ ਪਰਵਾਸੀ ਪੰਛੀਆਂ ਦਾ ਵੀ, ਜੋ ਕਿ ਦੇਸ ਦੇ ਵਧ ਵਸੋਂ ਵਾਲੇ ਖੇਤਰਾਂ ਵਿਚ ਸੰਭਵ ਨਹੀਂ ਸੀ। ਇਹ ਸ਼ਿਕਾਰ ਉਹਨਾਂ ਵਡੇ ਵਡੇ ਸ਼ਾਨਦਾਰ ਸ਼ਾਹਬਲੂਤ ਦੇ ਰੱਖਾਂ ਵਿਚ ਇੰਜ ਆ ਜਾਂਦੇ ਸਨ ਜਿਵੇਂ ਉਹਨਾਂ ਨੂੰ ਇਹਨਾਂ ਬਾਰੇ ਗਿਆਨ ਹੋਵੇ ਕਿ ਯਾਤਰਾ ਦੇ ਨਿੱਕੇ ਜਹੇ, ਆਰਾਮ ਦੇ ਸਮੇਂ ਲਈ, ਉਹ ਉਹਨਾਂ ਦੇ ਲਈ ਇਕ ਪਨਾਹਗਾਹ ਸੀ।

ਵਾਦੀ ਵਿਚ ਵਡੇ ਸਬਜ਼ਾ-ਜ਼ਾਰ ਸਨ ਜਿਨ੍ਹਾਂ ਨੂੰ ਨਾਲੇ ਸਿੰਜਦੇ ਸਨ ਅਤੇ ਇਕ ਦੂਜੇ ਤੋਂ ਵਖਰਾਂਦੇ ਸਨ, ਫੇਰ, ਅਗੇ ਨਦੀ ਸੀ ਜੋ ਕਿ ਉਸ ਥਾਂ ਤੀਕ ਵਡੇ ਵਡੇ ਕੰਢਿਆਂ ਦੂਗ ਰੋਕ ਕੇ ਵਿਸ਼ਾਲ ਦਲਦਲੀ-ਘਾਹਫੂਸ ਵਾਲੀ ਰੱਖ ਜਹੀ ਬਣੀ ਹੋਈ ਸੀ, ਉਹ ਥਾਂ ਵਰਗੀ ਵਧੀਆ ਥਾਂ, ਸ਼ਿਕਾਰ ਲਈ, ਮੈਂ ਅੱਜ ਤਕ ਨਹੀਂ ਦੇਖੀ। ਮੇਰਾ ਮਸੇਰ ਇਸ ਰੱਖ ਜਹੀ ਦੀ ਬਹੁਤ ਦੇਖ ਸੰਭਾਲ ਰਖਦਾ ਸੀ। ਇਸ ਥਾਂ ਤੇ ਉਗੇ ਘਾ-ਫੂਸ ਅਤੇ ਝਾੜ ਆਦਿ ਦੇ ਵਿਚਕਾਰ ਤੱਕ ਪਗ ਡੰਡੀਆਂ ਬਣਾਈਆਂ ਹੋਈਆਂ ਸਨ, ਪਾਣੀ ਦੇ ਲੰਘਣ ਦੇ ਲਈ, ਜਿਨ੍ਹਾਂ ਦੁਆਰਾ ਬਾਂਸਾਂ ਆਦਿ ਦੀ ਸਹਾਇਤਾ ਨਾਲ ਨਿੱਕੀਆਂ ਨਿੱਕੀਆਂ ਕਿਸ਼ਤੀਆਂ ਚਲਾਈਆਂ ਜਾਂਦੀਆਂ ਸਨ ਜਿਹੜੀਆਂ ਖੜੋਤੇ ਪਾਣੀ ਉਪਰ ਚੁੱਪਚਾਪ ਤਿਲ੍ਹਕਦੀਆਂ ਰਹਿੰਦੀਆਂ ਸਨ, ਜਿਹੜੀਆਂ ਪਾਸਿਆਂ ਤੋਂ ਖੜੋਤੇ ਨੜਿਆਂ ਨਾਲ ਖਹਿਸਰ ਕੇ ਲੰਘਦੀਆਂ ਜਿਸ ਨਾਲ ਤੱਗਰ ਮੱਛੀਆਂ ਪਾਣੀ ਵਿਚਲੇ ਘਾ-ਫੂਸ ਵਿਚ ਜਾ ਛਿਪਦੀਆਂ ਅਤੇ ਲੰਬੀ ਕਾਲੀ ਗਰਦਨਾਂ ਵਾਲੇ ਪੰਛੀ ਅਚਾਨਕ ਡੁਬਕੀਆਂ ਮਾਰ ਜਾਂਦੇ ਸਨ।

ਮੈਨੂੰ ਪਾਣੀ ਨਾਲ ਬਸ ਇਸ਼ਕ ਜਿਹਾ ਹੀ ਹੈ, ਸਮੁੰਦਰ ਦੇ ਪਾਣੀ ਨਾਲ, ਭਾਵੇਂ ਕਿ ਉਹ ਬਹੁਤ ਵਿਸ਼ਾਲ ਹੈ, ਬਹੁਤ ਹਿਲਜੁਲ ਭਰਿਆ ਹੈ, ਕਾਬੂ ਕਰਨਾ ਅਸੰਭਵ ਹੈ। ਨਦੀਆਂ ਦੇ ਪਾਣੀ ਨਾਲ ਵੀ, ਜੋ ਕਿ ਲੰਘਦਾ ਚਲਿਆ ਜਾਂਦਾ ਹੈ ਅਤੇ ਅਗੇ ਵਗ ਜਾਂਦਾ ਹੈ ਅਤੇ ਦਲਦਲ ਬਣੇ ਖੜੋਤੇ ਪਾਣੀ ਦੇ ਨਾਲ ਪਿਆਰ ਹੈ, ਜਿਥੇ ਕਿ ਅਨੇਕਾਂ ਪਰਕਾਰ ਦੇ ਜਾਣੇ ਅਣਜਾਣੇ ਜੀਵਾਂ ਦੀ ਹੋਂਦ ਹੁੰਦੀ ਹੈ—ਇਹ ਥਾਂ ਧਰਤੀ ਤੇ ਆਪਣੇ ਆਪ ਵਿਚ ਇਕ ਵਖਰਾ ਸੰਸਾਰ ਹੈ, ਇਕ ਵਖਰਾ ਸੰਸਾਰ ਜਿਸ ਦਾ ਇਕ ਆਪਣਾ ਹੀ ਜੀਵਨ ਹੈ, ਇਸ ਦੇ ਪੱਕੇ ਵਸਨੀਕ ਹਨ ਅਤੇ ਇਸ ਦੇ ਆਂਦੇ ਜਾਂਦੇ ਯਾਤਰੀ ਹਨ—ਆਵਾਸੀ—ਇਸ ਦੀਆਂ ਆਵਾਜ਼ਾਂ, ਇਸ ਦਾ ਰੌਲਾ ਰੱਪਾ ਅਤੇ ਸਭ ਤੋਂ ਵਧ ਹੈ ਇਸ ਦਾ ਭੇਦ ਪੂਰਨ ਹੋਣਾ। ਇਹਨਾਂ ਪਾਣੀ-ਕੱਜੀਆਂ ਨਿਵਾਣਾਂ ਤੇ ਇਕ ਅਣਜਾਣੀ ਜਹੀ ਭੈਅ ਕਿਉਂ ਛਾਈ ਹੁੰਦੀ ਹੈ? ਕੀ ਇਹ ਖਹਿਸਰਾਂ ਦੀ ਧੀਮੀ ਧੀਮੀ ਆਵਾਜ਼ ਕਰਕੇ ਹੈ ਰਾਤਾਂ ਦੀ ਚੁਪ ਜਾਣ ਕਰਕੇ ਹੈ, ਜੁਗਨੂਆਂ ਦੇ ਚਮਕਾਰਿਆਂ ਕਰਕੇ ਹੈ ਜਾਂ ਉਸ ਧੁੰਦ ਕਰਕੇ


Sri Satguru Jagjit Singh Ji eLibrary NamdhariElibrary@gmail.com

ਹੈ ਜਿਹੜੀ ਫਿਜ਼ਾ ਤੇ ਛਾ ਜਾਂਦੀ ਹੈ, ਜਾਂ ਇਹ ਲਹਿਰਾਂ ਦੇ ਹਲਕੇ ਹਲਕੇ ਥਪੜਿਆ ਕਰਕੇ ਹੈ, ਬਹੁਤ ਹੀ ਧੀਮੇ ਥਪਕੇ ਪਰ ਕਦੇ ਕਦੇ ਬਹੁਤ ਹੀ ਭੈਅ ਭੀਤ ਕਰ ਦੇਣ ਵਾਲੇ ਬੰਦਿਆਂ ਦੀ ਤੋਪਾਂ ਜਾਂ ਆਸਮਾਨੀ ਗੜਗੜਾਹਟਾਂ ਤੋਂ ਵੀ ਵਧ ਭੈਅ-ਭੀਤ ਕਰ ਦੇਣ ਵਾਲੀਆਂ ।

ਨਹੀਂ, ਇਹ ਕਿਸੇ ਹੋਰ ਕਾਰਨ ਕਰਕੇ ਹੈ—ਇਕ ਹੋਰ ਗਲ ਹੈ, ਸ਼ਾਇਦ ਖੁਦ ਸਿਰਜਣਾ ਦਾ ਰਾਜ਼ ਹੈ ਇਹ—ਕਿਉਂ ਜੋ ਇਹ ਖੜੋਤਾ ਅਤੇ ਗੰਦਲਾ ਪਾਣੀ ਹੀ ਤਾਂ ਸੀ, ਸੂਰਜ ਦੀ ਗਰਮੀ ਹੇਠਾਂ ਗਿੱਲੀ ਮਿੱਟੀ ਦੀ ਗੰਧ ਹੀ ਤਾਂ ਸੀ, ਜਿਥੇ ਕਿ ਜੀਵਨ ਦਾ ਪਹਿਲਾਂ ਕਣ ਉਪਜਿਆ ਸੀ ਅਤੇ ਅੱਜ ਤਕ ਦਾ ਵਿਕਾਸ ਕੀਤਾ ਸੀ ।

ਮੈਂ ਆਪਣੇ ਮਸੇਰ ਪਾਸ ਸ਼ਾਮੀਂ ਹੀ ਪੁਜ ਗਿਆ ਸੀ । ਬਰਫ ਠੰਡ ਨਾਲ ਪੱਥ ਬਣ ਰਹੀ ਸੀ ।

ਵੱਡੇ ਕਮਰੇ ਵਿਚ ਰਾਤ ਦਾ ਖਾਣਾ ਖਾਣ ਸਮੇਂ ਮੇਰੇ ਮਸੇਰ ਨੇ ਮੈਨੂੰ ਉਸ ਰਾਤ ਦੀਆਂ ਸਾਰੀਆਂ ਕੀਤੀਆਂ ਤਿਆਰੀਆਂ ਬਾਰੇ ਦਸਿਆ । ਉਸ ਨੇ ਸੀਲ-ਖੱਲ ਦੀ ਜੈਕਟ ਪਹਿਨੀ ਹੋਈ ਸੀ ਜਿਸ ਨਾਲ ਉਹ ਕਿਸੇ ਠੰਡੇ ਦੇਸ ਦਾ ਇਕ ਅਜੀਬ ਜਿਹਾ ਜਾਨਵਰ ਦਿਖਾਈ ਦੇ ਰਿਹਾ ਸੀ । ਉਹ ਕਮਰਾ, ਉਸ ਦੀਆਂ ਕੰਧਾਂ, ਛੱਤ ਅਤੇ ਪਾਸਿਆਂ ਦੀਆਂ ਝਿਲਿਆਨੀਆਂ ਵਿਚ ਘਾ-ਫੂਸ ਅਤੇ ਰੂੰ ਆਦਿ ਨਾਲ ਭਰੇ ਹੋਏ ਪੰਛੀ ਸਨ, ਜਿਨ੍ਹਾਂ ਦੇ ਖੰਭ ਫੈਲਾ ਕੇ ਮੇਖਾਂ ਗੱਡੀਆਂ ਹੋਈਆਂ ਸਨ, ਬਾਜ਼ ਸਨ, ਕੂੰਜਾਂ ਸਨ, ਸਾਰਸਾਂ ਸਨ, ਉਲੂ, ਸਨ ਗਿਦ ਅਤੇ ਉਕਾਬ ਸਨ, ਕਮਰਾ ਭਰਿਆ ਪਿਆ ਸੀ ਹਰ ਪਾਸੇ ।

ਅਤੇ ਤੜਕਸੌਰ ਸਾਢੇ ਤਿੰਨ ਵਜੇ ਚਲਨਾ ਸੀ ਤਾਂ ਜੋ ਜਿਹੜੀ ਥਾਂ ਉਸ ਨੇ ਸਾਡੇ ਲਈ ਚੁਣ ਰੱਖੀ ਸੀ ਉਥੇ ਸਾਢੇ ਚਾਰ ਵਜੇ ਤਕ ਪੁਜ ਜਾਈਏ । ਉਸ ਥਾਂ ਤੇ ਬਰਫ ਕੱਟ ਕੇ ਬਣਾਈਆਂ ਇਟਾਂ ਨਾਲ ਇਕ ਝੁੱਗੀ ਬਣਾਈ ਹੋਈ ਸੀ ਤਾਂ ਜੋ ਦਿਨ ਚੜ੍ਹਦੇ ਨਾਲ ਚਲਣ ਵਾਲੀ ਤੇਜ਼ ਹਵਾ ਤੋਂ ਬਚਿਆ ਜਾ ਸਕੇ, ਇਹ ਹਵਾ ਇਤਨੀ ਤੇਜ਼ ਅਤੇ ਸੀਤ ਹੁੰਦੀ ਹੈ ਕਿ ਮਾਸ ਨੂੰ ਇਕ ਆਰੀ ਵਾਂਗ ਚੀਰ ਛਡਦੀ ਹੈ, ਚਾਕੂ ਦੀ ਧਾਰ ਵਾਂਗ ਕਟਦੀ ਹੈ, ਇਕ ਜ਼ਹਿਰੀਲੇ ਡੰਗ ਵਾਂਗ ਡੰਗਦੀ ਹੈ, ਜਮੂਰ ਵਾਂਗ ਮਰੋੜਦੀ ਹੈ ਅਤੇ ਅੱਗ ਦੀ ਭਾਂਤੀ ਫੂਕਦੀ ਹੈ ।

ਮੇਰੇ ਮਸੇਰ ਨੇ ਆਪਣੇ ਹੱਥਾਂ ਨੂੰ ਰਗੜਿਆ "ਇਤਨਾ ਕੱਕਰ ਤਾਂ ਮੈਂ ਕਦੇ ਪਿਆ ਨਹੀਂ ਦੇਖਿਆ," ਉਹਨੇ ਕਿਹਾ ਸ਼ਾਮ ਨੂੰ ਹੀ ਪਾਰਾ ਸਿਫਰ ਤੋਂ ਬਾਰਾਂ ਦਰਜੇ ਘੱਟ ਹੋ ਗਿਆ ਸੀ ।

ਖਾਣਾ ਮੁਕਾਂਦਿਆਂ ਹੀ ਮੈਂ ਤੇ ਝਟ ਆਪਣੇ ਬਿਸਤਰੇ ਤੇ ਜਾ ਡਿੱਗਾ ਅਤੇ ਅੰਗੀਠੀ ਵਿਚ ਜਲ ਰਹੀ ਅੱਗ ਦੇ ਚਾਨਣ ਵਿਚ ਸੌਂ ਗਿਆ ।

ਤਿੰਨ ਵਜੇ ਉਸ ਨੇ ਮੈਨੂੰ ਜਗਾਇਆ । ਮੈਂ ਉਠ ਕੇ ਭੇਡ ਦੀ ਖਲ ਪਹਿਨ ਲਈ ਅਤੇ ਮੇਰਾ ਮਸੇਰ ਕਾਰਲ ਰਿਛ ਖੱਲ ਵਿਚ ਸੀ । ਦੋ ਦੋ ਕੱਪ ਕਾਫੀ ਦੇ ਸੜ੍ਹਾਕ ਕੇ ਦੋ ਦੋ ਗਲਾਸ ਬਰਾਂਡੀ ਦੇ ਚੜ੍ਹਾ ਕੇ ਅਸੀਂ ਇਕ ਸ਼ਿਕਾਰੀ ਅਤੇ ਆਪਣੇ ਕੁਤਿਆਂ ਦੇ ਨਾਲ ਚਲ ਖੜੇ ਹੋਏ ।

ਬਾਹਰ ਪੈਰ ਰਖਦਿਆਂ ਹੀ ਮੈਨੂੰ ਹਡੀਆਂ ਦੀ ਮਿਝ ਜੰਮਦੀ ਜਾਂਦੀ ਜਾਪੀ । ਇਹ ਰਾਤ ਉਹਨਾਂ ਰਾਤਾਂ ਵਿਚੋਂ ਹੀ ਇਕ ਸੀ ਧਰਤੀ ਸੀਤ ਨਾਲ ਮਰ ਚੁਕੀ ਜਾਪਿਆ ਕਰਦੀ ਹੈ । ਜੰਮ ਚੁਕੀ ਹਵਾ ਰੋਕਾ ਪਾ ਰਹੀ ਸੀ, ਇਸ ਨਾਲ ਬਹੁਤ ਪੀੜਾਂ ਹੁੰਦੀਆਂ ਸਨ, ਸਾਹ ਦੀ ਹਵਾ ਨਾਲ ਵੀ ਇਸ ਵਿਚ ਹਰਕਤ ਨਹੀਂ ਸੀ ਹੁੰਦੀ ਇਹ ਅਹਿਲ ਖੜੋਤੀ ਸੀ, ਇਹ ਤੁਹਾਨੂੰ ਸੌਕਾ ਲਗਾਂ ਰਹੀ ਸੀ, ਰੁੱਖਾਂ ਨੂੰ ਮਾਰ ਰਹੀ ਸੀ, ਪੌਦਿਆਂ, ਕੀੜਿਆਂ ਨਿੱਕੇ ਪੰਛੀਆਂ ਨੂੰ ਮਾਰ ਰਹੀ ਸੀ, ਜੋ ਕਿ ਟਾਹਣੀਆਂ ਤੋਂ ਸਖਤ ਹੋ ਚੁਕੀ ਧਰਤੀ ਤੇ ਡਿਗ ਰਹੇ ਸਨ, ਦਰਖਤ ਜੋ ਕਿ ਠੰਡ ਕਾਰਨ ਆਪ ਵੀ ਸੁੰਗੜ ਰਹੇ ਸਨ ।

ਚੰਨ, ਜੋ ਕਿ ਚੱਪਾ ਕੁ ਅਜੇ ਰਹਿੰਦਾ ਸੀ, ਇਕ ਪਾਸੇ ਨੂੰ ਈਸੀ ਭਾਰ ਸੀ, ਪੁਲਾੜ ਵਿਚਕਾਰ ਉਂਘਲਾਂਦਾ ਜਿਹਾ ਜਾਪਦਾ ਸੀ, ਇਤਨਾ ਨਤਾਣਾ ਜਿਹਾ ਕਿ ਹੋਰ ਘਟਣ ਤੋਂ ਅਸਮਰਥ ਸੀ, ਉਪਰ ਲਟਕਿਆ ਰਹਿਣ ਲਈ ਬੇਵਸ ਜਾਪਦਾ ਸੀ, ਜਿਵੇਂ ਕਿ ਮੌਸਮ ਦੀ ਕਰੋਪੀ ਨੇ ਉਸ ਨੂੰ ਜਕੜ ਲਿਆ ਹੋਵੇ । ਧਰਤੀ ਤੇ ਉਸਦੀ ਸੀਤ ਅਤੇ ਰੋਣਹਾਕੀ ਜਹੀ ਚਾਨਣੀ ਪੈ ਰਹੀ ਸੀ, ਇਹੋ ਜਹੀ ਦਮ ਤੋੜਦੀ ਚਾਨਣੀ ਜਿਹੋ ਜਹੀ ਉਹ ਅਨ੍ਹੇਰੇ ਪਖਵਾੜੇ ਦੇ ਅੰਤਲੇ ਦਿਨਾਂ ਵਿਚ ਸਾਨੂੰ ਦਿਆ ਕਰਦਾ ਹੈ ।

ਕਾਰਲ ਅਤੇ ਮੈਂ ਨਾਲੋਂ ਨਾਲ ਚਲ ਰਹੇ ਸੀ, ਸਾਡੀਆਂ ਕਮਰਾਂ ਝੁਕੀਆਂ ਹੋਈਆਂ ਸਨ, ਹੱਥ ਜੇਬਾਂ ਵਿਚ ਸਨ ਅਤੇ ਸਾਡੀਆਂ ਬੰਦੂਕਾਂ ਸਾਡੀਆਂ ਬਾਹਾਂ ਹੇਠਾਂ ਨੱਪੀਆਂ ਹੋਈਆਂ ਸਨ । ਸਾਡੇ ਬੂਟ, ਜੋ ਕਿ ਉਨ ਵਿਚ ਲਪੇਟੇ ਹੋਏ ਸਨ ਤਾਂ ਜੋ ਅਸੀਂ ਯਖ ਨਦੀ ਤੇ ਤਿਲ੍ਹਕਿਆਂ ਬਗੈਰ ਚਲ ਸਕੀਏ, ਕੋਈ ਖੜਾਕ ਨਹੀਂ ਸਨ ਕਰ ਰਹੇ, ਅਤੇ ਮੈਂ ਉਹ ਸਫੇਦ ਧੁੰਦ ਜਹੀ ਵਲ ਦੇਖ ਰਿਹਾ ਸੀ ਜਿਹੜੀ ਸਾਡੇ ਕੁੱਤਿਆਂ ਦੇ ਸਾਹਾਂ ਨਾਲ ਬਣਦੀ ਸੀ ।

ਅਸੀਂ ਛੇਤੀ ਹੀ ਮਿਥੀ ਥਾਂ ਦੇ ਕੰਢੇ ਤੇ ਪੁਜ ਗਏ । ਅਤੇ ਸੁੱਕੀਆਂ ਝਾੜੀਆਂ ਵਿਚਕਾਰ ਦੀ ਇਕ ਪੱਟੜੀ ਤੇ ਦਾਖਲ ਹੋ ਗਏ ਜੋ ਕਿ ਨੀਵੇਂ ਜੰਗਲ ਵਲ ਨੂੰ ਜਾ ਰਹੀ ਸੀ ।

ਅਚਾਨਕ ਹੀ ਮੈਨੂੰ ਉਸ ਪੱਟੜੀ ਦੇ ਇਕ ਮੋੜ ਤੇ, ਇਕ ਬਰਫ ਝੁੱਗੀ ਦਿਖਾਈ ਦਿੱਤੀ, ਜੋ ਕਿ ਸਾਡੇ ਲਈ ਹੀ ਬਣਾਈ ਗਈ ਸੀ । ਮੈਂ ਅੰਦਰ ਗਿਆ, ਅਸੀਂ ਕਿਉਂ ਜੋ



Sri Satguru Jagjit Singh Ji eLibrary NamdhariElibrary@gmail.com

ਅਜੇ ਇਕ ਘੰਟਾ ਹੋਰ ਉਡੀਕਣਾ ਸੀ ਤਾਂ ਜੋ ਪੰਛੀ ਜਾਗ ਪੈਣ, ਮੈਂ ਆਪਣੇ ਭੂਰੇ ਵਿਚ, ਨਿਘ ਲੈਣ ਲਈ ਲਿਪਟ ਕੇ ਪੈ ਗਿਆ। ਮੈਨੂੰ ਠੰਡ ਨੇ ਆਪਣੀ ਜਕੜ ਵਿਚ ਲੈ ਲਿਆ ਤੇ ਮੈਂ ਖੰਘਣ ਲੱਗ ਪਿਆ। ਮੇਰੇ ਮਸੇਰ ਕਾਰਲ ਨੂੰ ਕੁਝ ਚਿੰਤਾ ਹੋਈ। ਉਸ ਨੇ ਕਿਹਾ, "ਜੇਕਰ ਬਹੁਤਾ ਸ਼ਿਕਾਰ ਨਾ ਵੀ ਕਰ ਸਕੀਏ ਤਾਂ ਵੀ ਕੋਈ ਗੱਲ ਨਹੀਂ ਮੈਂ ਨਹੀਂ ਚਾਹੁੰਦਾ ਕਿ ਤੈਨੂੰ ਠੰਡ ਲੱਗ ਜਾਵੇ, ਅਸੀਂ ਅੱਗ ਜਲਾਂਦੇ ਹਾਂ।" ਅਤੇ ਉਸਨੇ ਸ਼ਿਕਾਰੀ ਨੂੰ ਕੁਝ ਝਾੜ ਆਦਿ ਕੱਟਣ ਦੇ ਲਈ ਕਿਹਾ।

ਅਸੀਂ ਆਪਣੀ ਝੁੱਗੀ ਦੇ ਵਿਚਕਾਰ ਇਕ ਢੇਰੀ ਲਗਾ ਲਈ, ਝੁਗੀ ਦੀ ਛੱਤ ਵਿਚ ਇਕ ਮੋਘਾ ਰਖਿਆ ਹੋਇਆ ਸੀ ਧੂਆਂ ਬਾਹਰ ਜਾਣ ਦੇ ਲਈ, ਅਤੇ ਜਦੋਂ ਸੂਹੀਆਂ ਲਾਟਾਂ ਉਠੀਆਂ ਤਾਂ ਬਰਫ-ਇਟਾਂ ਸਹਿਜੇ ਸਹਿਜੇ ਖੁਰਨ ਡਹਿ ਪਈਆਂ ਜਿਵੇਂ ਉਹਨਾਂ ਨੂੰ ਮੁੜ੍ਹਕਾ ਪਿਆ ਆ ਰਿਹਾ ਹੋਵੇ। ਕਾਰਲ, ਜੋ ਕਿ ਬਾਹਰ ਹੀ ਸੀ, ਨੇ ਮੈਨੂੰ ਵੀ ਬਾਹਰ ਆਣ ਲਈ ਕਿਹਾ—"ਆ ਕੇ ਦੇਖ ਏਧਰ!" ਮੈਂ ਝੁੱਗੀ ਤੋਂ ਬਾਹਰ ਨਿਕਲਿਆ ਅਤੇ ਦੇਖ ਕੇ ਅਚੰਭਤ ਰਹਿ ਗਿਆ, ਹੈਰਾਨ ਦਾ ਹੈਰਾਨ। ਸਾਡੀ ਝੁੱਗੀ ਇਕ ਗੁੰਬਦ ਦੇ ਰੂਪ ਵਾਲੀ ਇਕ ਬਹੁਤ ਹੀ ਵਡੇ ਹੀਰੇ ਵਾਂਗ ਦਿਖਾਈ ਦੇ ਰਹੀ ਸੀ ਜਿਸ ਦਾ ਕਿ ਅੱਗ ਦਾ ਦਿਲ ਹੋਵੇ, ਮਧ ਵਿਚਕਾਰ, ਜੋ ਕਿ ਉਥੇ ਦਲਦਲੀ ਝਾੜ ਝੰਕਾਰ ਵਿਚ ਅਚਾਨਕ ਰੂਪਮਾਨ ਹੋ ਗਿਆ ਸੀ, ਯਖ ਹੋ ਚੁਕੇ ਪਾਣੀ ਵਿਚਕਾਰ। ਅਤੇ ਉਸ ਦੇ ਅੰਦਰ-ਵਾਰ ਦੋ ਅਜੀਬ ਆਕਾਰ ਸਾਨੂੰ ਦਿਸ ਰਹੇ ਸਨ, ਸਾਡੇ ਕੁਤਿਆਂ ਦੇ, ਜੋ ਕਿ ਅੱਗ ਦੀ ਗਰਮੀ ਦਾ ਨਿਘ ਮਾਣ ਰਹੇ ਸਨ।

ਪਰ ਇਕ ਅਜੀਬ ਜਹੀ ਚੀਕ, ਦੂਰ ਹੁੰਦੀ ਜਾ ਰਹੀ ਘੁਮਣ ਘੇਰੇ ਵਿਚ ਪਈ ਹੋਈ ਸਾਡੇ ਸਿਰਾਂ ਉਪਰ ਦੀ ਲੰਘਦੀ ਹੋਈ ਚੀਕ ਸਾਨੂੰ ਸੁਣਾਈ ਦਿਤੀ ਅਤੇ ਸਾਡੇ ਉਸ ਚੁਲੇ ਨੇ ਸਾਨੂੰ ਜੰਗਲੀ ਪੰਛੀ ਦਿਖਲਾ ਦਿਤੇ।

"ਅੱਗ ਨੂੰ ਬੁਝਾ ਦੇਵੋ," ਕਾਰਲ ਨੇ ਕਿਹਾ, "ਦਿਨ ਦਾ ਚਾਨਣ ਹੁੰਦਾ ਜਾ ਰਿਹਾ ਹੈ।"

ਆਕਾਸ਼ ਵਾਸਤਵ ਵਿਚ ਪੀਲਾ ਹੋਣਾ ਸ਼ੁਰੂ ਹੋ ਗਿਆ ਸੀ ਅਤੇ ਸਾਰਸਾਂ ਦੀਆਂ ਉਡਾਨਾਂ ਲੰਬੀਆਂ ਅਤੇ ਨਰੰਤਰ ਹੁੰਦੀਆਂ ਜਾ ਰਹੀਆਂ ਸਨ ਜੋ ਕਿ ਛੇਤੀ ਹੀ ਆਕਾਸ਼ ਵਿਚ ਅਲੋਪ ਹੋ ਜਾਂਦੀਆਂ ਸਨ।

ਰਾਤ ਦੇ ਹਨੇਰੇ ਵਿਚ ਚਾਨਣ ਦੀ ਇਕ ਲਕੀਰ ਉਭਰੀ, ਕਾਰਲ ਨੇ ਗੋਲੀ ਦਾਗੀ ਸੀ ਅਤੇ ਦੋਵੇਂ ਕੁਤੇ ਨਸ ਕੇ ਗਏ ਸਨ।

ਅਤੇ ਫੇਰਾਂ ਬਸ ਹਰ ਮਿੰਟ, ਹੁਣ ਉਹ, ਹੁਣ ਮੈਂ, ਫਟਾ ਫਟ ਸ਼ਿਸਤ ਲੈਂਦੇ ਅਤੇ ਝਾੜੀਆਂ ਉਪਰ ਉਡਦੇ ਪਰਛਾਵਿਆਂ ਜਿਹਾ ਤੇ ਗੋਲੀਆਂ ਦਾਗ ਦੇ। ਦੋਵੇਂ ਕੁਤੇ ਸਾਹੋ ਸਾਹ ਹੋਏ ਪਰ ਖ਼ੁਸ਼ ਖ਼ੁਸ਼ ਲਹੂ ਲੁਹਾਣ ਪੰਛੀਆਂ ਨੂੰ ਭਾਲ ਕੇ ਚੁੱਕ ਲਿਆਂਦੇ, ਜਿਨ੍ਹਾਂ ਦੀਆਂ ਖੁਲ੍ਹੀਆਂ ਅੱਖਾਂ, ਅਕਸਰ, ਸਾਡੇ ਵਲ ਨੂੰ ਝਾਕ ਰਹੀਆਂ ਹੁੰਦੀਆਂ।

ਸੂਰਜ ਚੜ੍ਹ ਚੁਕਾ ਸੀ, ਅਤੇ ਦਿਨ ਸਾਫ ਨੀਲੇ ਅਸਮਾਨ ਵਾਲਾ ਸੀ ਨਿਰਮਲ, ਅਤੇ ਅਸੀਂ ਹੁਣ ਵਾਪਸ ਪਰਤਣ ਬਾਰੇ ਸੋਚ ਹੀ ਰਹੇ ਸੀ ਕਿ ਦੋ ਲੰਬੀਆਂ ਗਰਦਨਾਂ ਵਾਲੇ ਪੰਛੀ ਸਾਡੇ ਉਪਰ ਦੀ ਉਡਦੇ ਹੋਏ ਗੁਜ਼ਰੇ, ਖੰਭ ਫੈਲਾਏ ਹੋਏ ਸਨ, ਧੌਣਾਂ ਅਗੇ ਨੂੰ ਕੱਢੀਆਂ ਹੋਈਆਂ ਸਨ। ਮੈਂ ਗੋਲੀ ਚਲਾ ਦਿਤੀ ਅਤੇ ਉਹਨਾ ਵਿਚੋਂ ਇਕ ਐਨ ਮੇਰਿਆਂ ਕਦਮਾਂ ਤੇ ਆਣ ਡਿੱਗਾ। ਇਹ ਇਕ ਸਾਰਸ ਸੀ, ਬਹੁਤ ਖੂਬਸੂਰਤ, ਤੱਦ ਉਪਰ ਨੀਲੇ ਆਕਾਸ਼ ਵਿਚੋਂ ਮੈਨੂੰ ਇਕ ਅਵਾਜ਼ ਸੁਣਾਈ ਦਿੱਤੀ, ਕਿਸੇ ਪੰਛੀ ਦੀ ਅਵਾਜ਼ ਇਹ ਇਕ ਨਿੱਕੀ ਕੁਰਨਾਮਈ, ਕੀਰਨੇ ਪਾਂਦੀ ਜਹੀ ਆਵਾਜ਼ ਸੀ, ਪੀੜਾਂ ਮਾਰੀ ਹੋਈ। ਅਤੇ ਜਿਹੜਾ ਪੰਛੀ ਬਚ ਗਿਆ ਸੀ ਉਹ ਸੁਰਮਈ ਆਕਾਸ਼ ਵਿਚ ਚੱਕਰ ਕੱਟਣ ਲਗਾ, ਸਾਡੇ ਸਿਰਾਂ ਤੇ, ਮੇਰੇ ਹੱਥ ਵਿਚ ਚੁੱਕੇ ਹੋਏ ਆਪਣੇ ਮਰ ਚੁਕੇ ਸਾਥੀ ਵਿਚ ਝਾਕਦਾ ਹੋਇਆ।

ਕਾਰਲ ਨੇ ਗੋਡੀ ਮਾਰੀ, ਬੰਦੂਕ ਮੋਢੇ ਤੇ ਜਮਾਈ ਅਤੇ ਬੇਚੈਨੀ ਨਾਲ ਸ਼ਿਸਤ ਬੰਨ੍ਹਕੇ ਉਸ ਨੂੰ ਆਪਣੀ ਮਾਰ ਦੇ ਘੇਰੇ ਵਿਚ ਆ ਜਾਣ ਦੀ ਉਡੀਕ ਕਰਨ ਲੱਗਾ "ਤੂੰ ਮਾਦਾ ਮਾਰ ਦਿੱਤੀ ਹੁਣ ਨਰ ਉਸ ਨੂੰ ਛਡਕੇ ਨਹੀਂ ਜਾਵੇਗਾ" ਉਸ ਨੇ ਕਿਹਾ।

ਵਾਕਈ ਉਹ ਨਹੀਂ ਗਿਆ। ਉਹ ਲਗਾਤਾਰ ਸਾਡੇ ਸਿਰਾਂ ਦੇ ਉਪਰ ਮੰਡਲਾਂਦਾ ਰਿਹਾ ਅਤੇ ਨਰੰਤਰ ਚੀਕਦਾ ਰਿਹਾ। ਕਿਸੇ ਤਸੀਹੇ ਦੀਆਂ ਆਹਾਂ ਨੇ ਮੈਨੂੰ ਕਦੇ ਇਤਨਾ ਪ੍ਰਭਾਵਤ ਨਹੀਂ ਕੀਤਾ ਜਿਤਨਾ ਕਿ ਇਹਨਾਂ ਚੀਕਾਂ ਨੇ ਇਸ ਗਰੀਬ ਪੰਛੀ ਦੀਆਂ ਆਹਾਂ ਨੇ।

ਕਦੇ ਕਦੇ ਜਾਪਦਾ ਕਿ ਉਹ ਬੰਦੂਕ ਦੀ ਮਾਰ ਤੋਂ ਨਿਕਲ ਕੇ ਇਕੱਲਾ ਹੀ ਚਲਿਆ ਜਾਵੇਗਾ, ਪਰ ਜਿਵੇਂ ਉਹ ਜਕੋ ਤਕੀ ਵਿਚ ਹੋਵੇ ਅਤੇ ਮੁੜ ਆਪਣੀ ਸਾਥਣ ਦੀ ਭਾਲ ਵਿਚ ਨੇੜੇ ਆ ਜਾਂਦਾ।

"ਮਾਦਾ ਨੂੰ ਹੇਠਾਂ ਧਰ ਦੇ," ਕਾਰਲ ਨੇ ਮੈਨੂੰ ਕਿਹਾ, "ਉਹ ਹੌਲੀ ਹੌਲੀ ਗੋਲੀ ਦੀ ਮਾਰ ਵਿਚ ਆ ਜਾਵੇਗਾ।" ਅਤੇ ਉਹ ਸੱਚੀਮੁਚੀ ਹੀ ਸਾਡੇ ਲਾਗੇ ਆ ਗਿਆ ਸੀ, ਖਤਰੇ ਤੋਂ ਬੇ-ਪਰਵਾਹ, ਆਪਣੇ ਪਿਆਰ ਦਾ ਕੁੱਠਾ, ਆਪਣੀ ਸਾਥਣ ਦੇ ਮੋਹ ਦਾ ਗੜੁਚਾ, ਜਿਸ ਨੂੰ ਕਿ ਮੈਂ ਹੁਣੇ ਹੁਣੇ ਮਾਰ ਦਿਤਾ ਸੀ।

ਕਾਰਲ ਨੇ ਗੋਲੀ ਦਾਗ ਦਿੱਤੀ, ਇੰਝ ਜਾਪਿਆ ਕਿ ਜਿਸ ਧਾਗੇ ਨਾਲ ਉਹ ਪੰਛੀ ਸਾਡੇ ਸਿਰਾਂ ਤੇ ਅਟਕਿਆ ਹੋਇਆ ਸੀ ਉਹ ਕੱਟ ਦਿਤਾ ਗਿਆ। ਕੁਝ ਥੱਲੇ ਨੂੰ ਡਿਗਦਾ ਦਿਖਾਈ ਦਿਤਾ ਅਤੇ ਝਾੜੀਆਂ ਵਿਚ ਕਿਸੇ ਚੀਜ਼ ਦੇ ਡਿਗਣ ਦਾ ਖੜਾਕ ਮੈਨੂੰ ਸੁਣਾਈ ਦਿਤਾ। ਮੇਰਾ ਕੁੱਤਾ ਉਸ ਨੂੰ ਚੁੱਕ ਕੇ ਲੈ ਆਇਆ।

ਮੈਂ ਉਹਨਾਂ ਨੂੰ ਇਕ ਹੀ ਥੈਲੇ ਵਿਚ ਰੱਖ ਲਿਆ— ਉਹ ਹੁਣ ਠੰਡੇ ਹੋ ਚੁੱਕੇ ਸਨ, ਅਤੇ ਉਸੇ ਤਰਕਾਲੀਂ ਮੈਂ ਪਰੈਸ ਨੂੰ ਪਰਤ ਆਇਆ। ×



Sri Satguru Jagjit Singh Ji eLibrary NamdhariElibrary@gmail.com

# ਸ਼ਰਧਾਂਜਲੀ



## ਸ. ਪ੍ਰੀਤਮ ਸਿੰਘ ਰੀਹਲ

ਪ੍ਰਧਾਨ ਨਾਮਧਾਰੀ ਸੰਗਤ ਯੂ ਕੇ.

ਸੰਤ ਪ੍ਰੀਤਮ ਸਿੰਘ ਰੀਹਲ ਦੀ ਮੂਰਤ, ਮਨ ਮਸਤਕ ਵਿਚ ਆਉਦਿਆਂ ਹੀ ਇਕ ਵਿਚਾਰਵਾਨ ਡਾ. ਸੈਮੂਅਲ ਐਮ. ਲਿੰਡਸੇ ਦਾ ਕਥਨ ਯਾਦ ਆਉਂਦਾ ਹੈ।

''ਪਹਾੜੀ ਨਦੀਆਂ ਜੁਆਨ ਨਦੀਆਂ ਹੁੰਦੀਆਂ ਹਨ।
ਉਹ ਗਾਉਂਦੀਆਂ ਤੇ ਚਮਕਦੀਆਂ ਚਲਦੀਆਂ ਹਨ
ਸਾਡਾ ਜੀਵਨ ਵੀ ਉਸ ਵਰਗਾ ਹੋਣਾ ਚਾਹੀਦਾ ਹੈ''

ਸੰਤ ਪ੍ਰੀਤਮ ਸਿੰਘ ਜੀ ਦਾ ਜੀਵਨ ਪਹਾੜੀ ਨਦੀ ਵਾਂਗ ਹੀ ਸੀ। ਚਲਨ ਫਿਰਨ ਵਿਚਰਨ ਵਿਚ ਫੁਰਤੀ, ਦੇਖਣ ਬੋਲਣ ਕੰਮ ਕਰਨ ਵਿਚ ਇਕ ਵੇਗਮਈ ਲਗਨ ਅਤੇ ਹਰ ਕਦਮ ਸਫਲਤਾ ਵਲ ਪ੍ਰੇਰਿਤ ਉਹਨਾ ਦੀ ਵਿਸ਼ੇਸ਼ਤਾ ਸੀ।

ਉਹ ਕੇਵਲ ੬੬ ਸਾਲ ਦੀ ਉਮਰ ਵਿਚ ਹੀ ਇਕ ਕਾਰ ਦੁਰਘਟਨਾ ਵਿਚ ਅਪਣੀ ਜੀਵਨ ਸਾਥਨ ਬੀਬੀ ਹਰਭਜਨ ਕੌਰ ਦੇ ਅੰਗ ਸੰਗ ਜੀਵਨ ਯਾਤਰਾ ਪੂਰੀ ਕਰ ਗਏ ਹਨ। ਦੁਰਘਟਨਾ ਰਾਹੀਂ ਮੌਤ ਤੋਂ ਇਕ ਡਰ ਜ਼ਰੂਰ ਲਗਦਾ ਹੈ। ਸਿਆਣੇ ਕਹਿੰਦੇ ਹਨ ਕਿ ਮੌਤ ਨਹੀਂ ਮਰਨਾ ਡਰਾਉਣਾ ਹੁੰਦਾ ਹੈ। ਇਸ ਨਾਲ ਇਕ ਸਹਿਮ ਇਕ ਭੈਅ ਜਿਹਾ ਜੁੜਿਆ ਹੁੰਦਾ ਹੈ। ਪਰ ਪ੍ਰੀਤਮ ਸਿੰਘ ਰੀਹਲ ਦਾ ਨਾਮ ਲੈਣ ਤੇ ਹੀ ਭੈ ਮੁਕਤ ਹੁੰਦਿਆਂ ਇਕ ਲਟ ਲਟ ਬਲਦਾ ਆਦਰਸ਼ਕ ਜੀਵਨ ਸਾਹਮਣੇ ਆਉਂਦਾ ਹੈ। ਇਕ ਨੌਜੁਆਨ ਦਿਲ, ਚਮਕਦੀਆਂ ਅੱਖਾਂ ਅਤੇ ਦਹਿਕਦਾ ਹੋਇਆ ਚਿਹਰਾ। ਬੇਪਨਾਹ ਜੋਸ਼ ਅਤੇ ਵਲਵਲੇ ਭਰਪੂਰ ਇਨਸਾਨ। ਉਹਨਾਂ ਦੇ ਚਿਹਰੇ ਦੇ ਚਿੱਟੇ ਵਾਲਾਂ ਵਿਚੋਂ ਵੀ ਭਰਪੂਰ ਜਵਾਨੀ ਛਲਕਾਂ ਮਾਰਦੀ ਸੀ। ਨੌਜਵਾਨਾਂ ਦੀ ਸੱਥ ਵਿਚ ਬੈਠਿਆਂ ਉਹ ਸਭ ਤੋਂ ਸੋਹਣੇ ਗਭਰੂ ਲਗਦੇ ਸਨ।

ਉਹਨਾਂ ਦੀ ਹੋਣੀ ਵਿਚੋਂ ਉਹਨਾਂ ਦਾ ਜੀਵਨ ਹੀ ਉਭਰ ਰਿਹਾ ਹੈ। ਪਹਾੜੀ ਨਦੀ ਵਰਗਾ।

ਇਨਸਾਨ ਦਾ ਜੀਵਨ ਤਾਂ ਅਤਿਅੰਤ ਅਨਿਸਚਿਤ ਗਲ ਹੈ। ਤਾਲਸਤਾਇ ਦੇ ਸ਼ਬਦਾਂ ਵਿਚ ''ਕੰਵਲ ਦੇ ਪਤਿਆਂ ਉਤੇ ਪਾਣੀ ਦੀਆਂ ਬੂੰਦਾਂ ਵਾਂਗ'' ਗੁਰੂ ਅਰਜਨ ਅਤੇ ਗੁਰੂ ਤੇਗ ਬਹਾਦਰ ਅਨੁਸਾਰ ਬਦਲ ਦੀ ਛਾਂ ਵਾਂਗ। ਗੁਰੂ ਨਾਨਕ ਕਹਿੰਦੇ ਹਨ ਕਿ ਮੌਤ ਮਹੂਰਤ ਥਿਤ ਤੇ ਵਾਰ ਨਹੀਂ ਪੁਛਦੀ। ਜੋ ਆਇਆ ਸਭ ਜਾਣਾ ਹੈ। ਅੱਜ ਤਕ ਜੋ ਇਸ ਧਰਤੀ ਤੇ ਆਇਆਂ ਹੈ ਕੂਲ ਗਿਆ ਹੈ। ਸਭ ਕਾਲ ਦਾ ਖਾਜ ਬਣਿਆ ਹੈ। ਇਸ ਵਾਸਤੇ ਇਸ ਗਲ ਤੇ ਕਿੰਤੂ ਨਹੀਂ ਹੋ ਸਕਦਾ ਇਸ ਵਾਸਤੇ ਇਥੇ ਤਾਂ ਇਹ ਕਹਿਣਾ ਹੀ ਬਣਦਾ ਹੈ ਕਿ

'ਤੂਹੈ ਹੈ ਵਾਹੁ ਤੇਰੀ ਰਜਾਇ''

ਪਰ ਕਈਆਂ ਦੇ ਮਰਨ ਦੇ ਅੰਦਾਜ਼ ਅਤੇ ਜੀਵਨ ਦੇ ਢੰਗ ਐਸੇ ਹੁੰਦੇ ਹਨ ਕਿ ਸਦਾ ਲਈ ਆਪਣੀ ਛਾਪ ਲੋਕ ਮਨਾਂ ਤੇ ਛੱਡ ਜਾਂਦੇ ਹਨ ਉਹ ਸਦਾ ਜੀਵਤ ਰਹਿੰਦੇ ਹ- ਅੰਤ ਉਹਨਾਂ ਨੂੰ ਕਾਲ ਨਹੀਂ ਬਿਆਪਦਾ ਅਜਿਹੇ ਵਿਅਕਤੀਆਂ ਬਾਰੇ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਹੈ

''ਆਤਮ ਉਪਦੇਸੁ ਭੇਸ ਸੰਜਮ ਕੋ
ਜਾਪੁ ਸੁ ਅਜਪਾ ਜਾਪੇ
ਸਦਾ ਰਹੈ ਕੰਚਨ ਸੀ ਕਾਯਾ
ਕਾਲ ਨ ਕਬਹੂੰ ਬਿਆਪੇ'' ਪਾ-੧੦

ਸੰਤ ਪ੍ਰੀਤਮ ਸਿੰਘ ਰੀਹਲ ਸ. ਮੇਲਾ ਸਿੰਘ ਰੀਹਲ ਦੇ ਘਰ ੩ ਸਤੰਬਰ ੧੯੨੪ ਵਿਚ ਦੁਆਬੇ ਦੇ ਪਿੰਡ ਕਰੀਹਾ ਵਿਚ ਜਨਮੇ। ਵਡੇ ਹੋਏ ਬੀਬੀ ਹਰਭਜਨ ਕੌਰ ਸੰਗ ਸੰਜੋਗ ਜੁੜੇ। ਕਾਰੋਬਾਰ ਲਈ ਥਾਓਂ ਥਾਈਂ ਵਿਚਰੇ। ਜੀਵਨ ਵਿਚ ਅਨੇਕ ਉਤਾਰ ਚੜ੍ਹਾਅ ਦੁਖ ਸੁਖ ਆਏ ਅਤੇ ਅੰਤ ਵਲੈਤ ਨੂੰ ਧਾਈ ਕਰ ਦਿਤੀ। ਫਿਰ ਬਾਣੀ ਦੀ ਤੁਕ ਸਾਕਾਰ ਹੋਈ। ਪੂਰਬਲੇ ਕਰਮਾਂ ਦੇ ਅੰਕੁਰ ਫੁਟੇ, ਸਤਿਗੁਰੂ ਪੁਰਖ ਨਾਲ ਭੇਟ ਹੋਈ। ਇਸ ਮਿਲਣੀ ਨਾਲ ਜਨਮਾਂ ਜਨਮਾਂਤਰਾਂ ਤੋਂ ਹਨੇਰੇ ਵਿਚ ਸੁਤੀ ਜੀਵ ਆਤਮਾ ਜਾਗ੍ਰਿਤ ਹੋਈ ਅਤੇ ਉਹਨੂੰ ਚਾਨਣ ਨਸੀਬ ਹੋਇਆ।

ਸਮੇਂ ਦੇ ਮਾਲਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ੧੯੬੭ ਵਿਚ ਵਲੈਤ ਦੀਆਂ ਸੰਗਤਾਂ ਨੂੰ ਤਾਰਨ ਲਈ ਯੂ.ਕੇ. ਵਿਚ ਚਰਣ ਪਾਏ।। ਪਤਾ ਨਹੀਂ ਕਿਸ ਕਿਸ ਦੇ ਕਰਮਾਂ ਦੇ ਜੰਦਰੇ ਖੁਲਣੇ ਸਨ। ਇਸ ਸਮੇਂ ਹੀ ਪ੍ਰੀਤਮ ਸਿੰਘ ਨਾਲ ਇਹ ਵਰਤਾਰਾ ਵਰਤਿਆ।



Sri Satguru Jagjit Singh Ji eLibrary NamdhariElibrary@gmail.com



ਸ. ਪ੍ਰੀਤਮ ਸਿੰਘ ਰੀਹਲ, ਮਾਤਾ ਹਰਭਜਨ ਕੌਰ

ਪੂਰਬ ਕਰਮ ਅੰਕੁਰ ਜਬ ਪ੍ਰਗਟੇ
ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ
ਜਨਮ ਜਨਮ ਕੀ ਸੋਈ ਜਾਗੀ

ਪ੍ਰੀਤਮ ਸਿੰਘ ਰੀਹਲ ਦੇ ਕੰਨ ਵਿਚ ਭਜਣ ਦਿਤਾ ਗਿਆ। ੪੩ ਸਾਲਾਂ ਦੇ ਪ੍ਰੀਤਮ ਸਿੰਘ ਰੀਹਲ ਨੇ ਆਪਣੀ ਸਾਰੀ ਸ਼ਕਤੀ ਸਾਰਾ ਸਮਾਂ ਸਤਿਗੁਰੂ ਦੇ ਚਰਨਾਂ ਵਿਚ ਅਰਪਿਤ ਕਰ ਦਿਤੇ । ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਾਇਆ ਕਲਪ ਹੋਏ ਰੀਹਲ ਨੂੰ ਦੋ ਸਾਲਾਂ ਬਾਅਦ ਹੀ ਸਮੁਚੀ ਯੂ.ਕੇ. ਦੀ ਸੰਗਤ ਦਾ ਪ੍ਰਧਾਨ ਥਾਪ ਦਿਤਾ।

ਕਵੀ, ਪਾਠਕ, ਵਕਤਾ, ਕੀਰਤਨਕਾਰ, ਭਜਨੀਕ ਅਤੇ ਪਰਬੰਧਕ ਦੀਆਂ ਯੋਗਤਾਵਾਂ ਵਾਲੇ ਪ੍ਰਧਾਨ ਪ੍ਰੀਤਮਸਿੰਘ ਰੀਹਲ, ਨੇ ਅਪਣੇ ਅਉਗਣਾਂ ਦੀ ਖਿਮਾ ਯਾਚਣਾ ਕਰਦੇ ਹੋਏ ਆਪਣੇ ਸਾਰੇ ਗੁਣਾਂ ਨੂੰ ਸਤਿਗੁਰੂ ਜੀ ਸਪੁਰਦ ਕੀਤਾ । ਹਰ ਸਮੇਂ ਵਰਨੀਆਂ, ਨਾਮ ਸਿਮਰਣ, ਪਾਠ ਕੀਰਤਨ ਦੇ ਪ੍ਰੋਗਰਾਮਾਂ ਨੂੰ ਅਮਲੀ ਰੂਪ ਦੇਣ ਲਈ ਨੌਜਵਾਨਾਂ ਨੂੰ ਪ੍ਰੇਰਿਤ ਕਰਦੇ ਰਹੇ। ਉਹ ਨੌਜਵਾਨਾਂ ਦੇ ਇਕ ਟੀਮ ਮੈਂਬਰ ਵਾਂਗ ਸਾਥੀ ਰਹੇ। ਉਹਨਾਂ ਦੀ ਪ੍ਰੇਰਨਾ ਨਾਲ ਇਕ ਕੁਸ਼ਲ ਟੀਮ ਇਕ ਚੰਗੀ ਤਰ੍ਹਾਂ ਤੇਲ ਦਿਤੀ ਮਸ਼ੀਨ ਵਾਂਗ ਰਵਾਂ ਹੋ ਕੇ ਕੰਮ ਕਰਦੀ ਰਹੀ। ੧੯੮੪ ਵਿਚ ਸੰਤ ਏਕਮ ਸਿੰਘ ਜੀ ਦੀ ਬੇਨਤੀ ਤੇ ਬਰਮਿੰਘਮ ਵਿਚ ਹੋਲਾ ਹੋਇਆ। ਪ੍ਰੀਤਮ ਸਿੰਘ ਜੀ ਨੇ ਤਨੋਂ ਮਨੋਂ ਧਨੋਂ ਇਸ ਸਮਾਗਮ ਨੂੰ ਸਫਲ ਕਰਨ ਵਾਸਤੇ ਦਿਨ ਰਾਤ ਇਕ ਕੀਤਾ। ਸਤਿਗੁਰੂ ਜੀ ਦੇ ਮਹੀਨਾ ਕੁ ਭਰ ਦੇ ਦੌਰੇ ਸਮੇਂ ਤਕ ਸਾਰੀਆਂ ਸੰਗਤਾਂ ਕਾਰ ਵਿਹਾਰ ਛੱਡ ਕੇ ਸਦਾ ਹਾਜ਼ਰ ਰਹੀਆਂ।

ਪ੍ਰੀਤਮ ਸਿੰਘ ਜੀ ਦਾ ਖੁਲ੍ਹਾ ਸੁਭਾਅ ਤੇ ਖੁਲ੍ਹੀਆਂ ਗਲਾਂ ਹੁੰਦੀਆਂ ਪਰ ਇਹ ਅੰਦਾਜ਼ਾ ਨਹੀਂ ਸੀ ਕਿ ਅੰਤਮ ਤੌਰ ਤੇ ਅਮਲੀ ਰੂਪ ਵਿਚ ਏਨਾ ਖੁਲ੍ਹਾ ਏਨਾ ਵਡਾ ਕਾਰਜ ਕਰ ਜਾਣਗੇ ਕਿ ਉਹਨਾਂ ਦੀ ਘਾਲਣਾ ਤੇ ਸਤਿਗੁਰੂ ਜਗਜੀਤ ਸਿੰਘ ਜੀ ਇਹਨਾਂ ਸ਼ਬਦਾਂ ਦੁਆਰਾ ਮੋਹਰ ਲਾਉਣਗੇ ਕਿ "ਪ੍ਰੀਤਮ ਸਿੰਘ ਨਵੀਂ ਪਿਰਤ ਪਾ ਗਿਆ ਹੈ। ਨਵੀਂ ਪਰੰਪਰਾ ਤੋਰ ਗਿਆ ਹੈ।"

ਇਹ ਪਿਰਤ ਅਤੇ ਪਰੰਪਰਾ ਬੀਤੇ ਹੋਲੇ ਮਹੱਲੇ ਦੀ ਕਹਾਣੀ ਹੈ । ਸੰਨ ੧੯੯੦ ਦਾ ਹੋਲਾ ਮਹੱਲਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਹਿਲੀ ਜਨਮ ਸ਼ਤਾਬਦੀ ਨੂੰ ਆ ਰਿਹਾ ਸੀ। ਪ੍ਰੀਤਮ ਸਿੰਘ ਰੀਹਲ ਜੀ ਨੇ ਅਪਣੇ ਇਕ ਸਾਥੀ ਤੇ ਪਰੇਮੀ ਸੰਤ ਜਗਤਾਰ ਸਿੰਘ ਵਿਰਦੀ ਨੂੰ ਪਰੇਰਿਆ ਅਤੇ ਇਵੇਂ ਇਹਨਾਂ ਦੋਨਾਂ ਨੇ ਸਾਰੇ ਸਾਲ ਦੀ ਲੰਗਰ ਦੀ ਸੇਵਾ ਸਣੇ ਜੱਪ ਪ੍ਰਯੋਗ ਅਤੇ ਹੋਲੇ ਮਹੱਲੇ ਦੇ ਸਾਰੇ ਖਰਚਿਆਂ ਨੂੰ ਖੁਲ੍ਹੇ ਦਿਲੀਂ ਕਰਨ ਵਾਸਤੇ ਸਤਿਗੁਰੂ ਜੀ ਤੋਂ ਪਰਵਾਨਗੀ ਪ੍ਰਾਪਤ ਕੀਤੀ। ਇਸ ਸਾਲ ਦੇ ਨਾਲ ਹੋਲੇ ਦੀ ਨਿਰਵਿਘਨ ਸਮਾਪਤੀ ਤੋਂ ਉਹ ਅਤਿਅੰਤ ਖੁਸ਼ ਅਤੇ ਸੰਤੁਸ਼ਟ ਹੋਏ । ਆਖਰ ਗੁਰੂ ਦੀਆਂ ਖੁਸ਼ੀਆਂ ਤੋਂ ਵਡੀ ਗਲ ਕੀ ਹੋ ਸਕਦੀ ਹੈ।

ਮੌਤ ਇਕ ਅਟੱਲ ਸਚਾਈ ਹੈ। ਇਸ ਦੀ ਭਿਆਨਕਤਾ ਤੋਂ ਲੋਕ ਤ੍ਰਾਸ ਤ੍ਰਾਸ ਕਰਦੇ ਹਨ ਪਰ ਇਸ ਵਿਜੋਗ ਵਿਚ ਇਕ ਸੰਜੋਗ ਵੀ ਹੈ ਜੋ ਸ: ਪ੍ਰੀਤਮ ਸਿੰਘ ਰੀਹਲ ਦੀ ਅੰਤਮ ਯਾਤਰਾ ਨਾਲ ਜੁੜਿਆ ਪਿਆ ਹੈ।

੧੪ ਅਪ੍ਰੈਲ ੧੯੯੦ ਸਵੇਰੇ ਉਹ ਅਪਣੇ ਅੰਤਲੇ ਸਮੇਂ ਫਗਵਾੜੇ ਤੋਂ ਅਮ੍ਰਿਤ ਵੇਲੇ ਕਾਰ ਦੁਆਰਾ ਚਲੇ ਤਾਂ ਮਨ ਵਿਚ ਚਾਹ ਸਤਿਗਰਾਂ ਦੇ ਦਰਸ਼ਨਾਂ ਦੀ ਸੀ। ਸੰਤ ਕਾਰ ਆਪ ਚਲਾ ਰਹੇ ਸਨ ਅਤੇ ਸਿਮਰਨ ਕਰ ਰਹੇ ਸਨ। ਮਾਤਾ ਜੀ ਦੇ ਹਥਾਂ ਵਿਚ ਵੀ ਮਾਲਾ ਸੀ। ਜਿਹਨਾਂ ਦਾ ਅੰਤ ਸਮਾਂ ਇਹੋ ਜਿਹਾ ਹੋਵੇ ਉਹਨਾਂ ਬਾਰੇ ਸ੍ਰੀ ਆਦਿ ਗ੍ਰੰਥ ਵਿਚ ਲਿਖਿਆ ਹੈ।

"ਅੰਤਿ ਕਾਲਿ ਨਾਰਾਇਣ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ
ਬਦਤਿ ਤਿਲੋਚਨੁ ਤੇ ਨਰ ਮੁਕਤਾ
ਪੀਤੰਬਰੁ ਵਾਕੇ ਰਿਦੈ ਬਸੈ

ਅੰਮ੍ਰਿਤ ਵੇਲਾ ਹੋਵੇ, ਇਸ਼ਨਾਨ ਕਰਕੇ ਭਜਨ ਸਿਮਰਨ ਰਾਹੀਂ ਗੁਰੂ ਚਰਨਾਂ ਵਿਚ ਮਨ ਹੋਏ । ਪਤੀ ਪਤਨੀ ਦੋਵੇਂ ਇਕੋ ਸਮੇਂ ਜੀਵਨ ਯਾਤਰਾ ਪੂਰੀ ਕਰਨ, ਸਬਬ ਇਹ ਵੀ ਬਣੇ ਕਿ ਭਾਰਤ ਅਤੇ ਯੂ.ਕੇ. ਦੀਆਂ ਸੰਗਤਾਂ ਵੀ ਸ੍ਰੀ ਭੈਣੀ ਸਾਹਿਬ ਹੋਣ, ਦੋਹਾਂ ਦਾ ਸਸਕਾਰ ਸ੍ਰੀ ਭੈਣੀ ਸਾਹਿਬ ਦੀ ਪਾਵਨ ਜੂਹ ਵਿਚ ਹੋਵੇ, ਨਿਰੰਤਰ ਕੀਰਤਨ ਅਤੇ ਭਜਨ ਸਿਮਰਨ ਹੋਵੇ, ਸਤਿਗੁਰੂ ਜੀ ਆਪ ਸਸਕਾਰ ਸਮੇਂ



Sri Satguru Jagjit Singh Ji eLibrary NamdhariElibrary@gmail.com



ਸ਼ਾਮਲ ਹੋਣ, ਅਜਿਹੀ ਮੌਤ ਦੀ ਮੰਗ ਤਾਂ ਕ਼ਬੀਰ ਸਾਹਿਬ ਨੇ ਵੀ ਆਪ ਕੀਤੀ ਹੈ ।

"ਕਬੀਰ ਮੁਹਿ ਮਰਨੇ ਕਾ ਚਾਉ ਹੈ
ਮਰਉ ਤ ਹਰਿ ਕੈ ਦੁਆਰ"

ਮਹਾਰਾਜ ਬੀਰ ਸਿੰਘ ਜੀ ਤੇ ਸਮੁਚਾ ਗੁਰੂ ਪਰਿਵਾਰ ਪੰਥ ਦੇ ਜਥੇਦਾਰ ਅਤੇ ਮਹਾਤਮਾ ਵੀ ਅੰਤਮ ਸਮੇਂ ਦੀ ਅਰਦਾਸ ਵਿਚ ਪੁਜੇ ਹੋਣ । ਦੋਵੇ ਸਪੁਤਰ ਗੁਰਦਿਆਲ ਸਿੰਘ, ਸਤਿਨਾਮ ਸਿੰਘ ਤੇ ਹੋਰ ਰਿਸ਼ਤੇਦਾਰ ਵੀ ਪੁਜੇ ਹੋਣ ਤਾਂ ਕਹਿਣਾ ਹੀ ਪਵੇਗਾ ਕਿ ਪ੍ਰੀਤਮ ਸਿੰਘ ਰੀਹਲ ਜੀਵਨ ਦੀਆਂ ਨਵੀਆਂ ਮੰਜ਼ਲਾ ਨੂੰ ਛੂਹ ਗਏ ਹਨ । ਜੀਵਨ ਦਾ ਅੰਤ ਸਿਖਰ ਤੇ ਕੀਤਾ ਹੈ । ਹਰ ਇਨਸਾਨ ਦੀ ਜ਼ਿੰਦਗੀ ਵਿਚ ਕਈ ਉਤਰਾਅ ਚੜਾਅ ਆਉਂਦੇ ਹਨ ਪਰ ਨਿਰਣਾਂ ਤਾਂ ਅੰਤਮ ਪ੍ਰਾਪਤੀਆਂ ਤੇ ਹੁੰਦਾ ਹੈ । ਉਹਨਾਂ ਲੋਕ ਪਰਲੋਕ ਵਿਚ ਜੱਸ ਪ੍ਰਾਪਤ ਕੀਤਾ ਹੈ। ਉਹਨਾਂ ਸਿਖਰ ਅਨੰਦ, ਸੰਤੁਸ਼ਟੀ ਅਤੇ ਸ਼ੁਕਰਾਨੇ ਵਿਚ ਸੁਆਸ ਤਿਆਗੇ ਹਨ ।

ਉਹਨਾਂ ਪੂਰਨੁ ਪਰਮਾਨੰਦੁ ਦੀ ਪ੍ਰਾਪਤੀ ਕੀਤੀ ਹੈ । ਅਜਿਹੇ ਗੁਰਮੁਖਾਂ ਵਾਸਤੇ ਹੀ ਤਾਂ ਭਾਈ ਗੁਰਦਾਸ ਜੀ ਨੇ ਲਿਖਿਆ ਹੈ

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ
ਸਚੀ ਦਰਗਹ ਜਾਇ, ਸਚਾ ਪਿੜ ਮਲਿਆ

ਸੰਤ ਪ੍ਰੀਤਮ ਸਿੰਘ ਜੀ ਰੀਹਲ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਉਹ ਸਭ ਨੂੰ ਅਪਣੇ ਚਰਨਾਂ ਦਾ ਪਿਆਰ ਅਤੇ ਭਰੋਸਾ ਬਖਸ਼ਨ ਅਤੇ ਉਹਨਾਂ ਦੇ ਸਦਗੁਣ ਅਗੋਂ ਉਹਨਾਂ ਦੇ ਸਪੁਤਰਾਂ ਸ: ਗੁਰਦਿਆਲ ਸਿੰਘ, ਸ: ਸਤਿਨਾਮ ਸਿੰਘ ਅਤੇ ਪਰਿਵਾਰ ਵਿਚ ਹੋਰ ਵੀ ਪਰਫੁਲਤ ਹੋਣ ।

# ਫੁਲਾਂ ਦੇ ਰੰਗ ਕਾਲੇ

ਸਾਹਾਂ 'ਚ ਰਚ ਗਈ ਦੋਸਤੀ ਦਾ
ਦੱਸ ਕੀ ਰਖੀਏ ਨਾਂ ?
ਕੀ ਸੋਚ ਅਸੀਂ ਸੱਚ ਭੁਲਾਈਏ
ਹਿਜਰ ਦੇ ਉਹ ਸਿਖਰ ਦੁਪਹਿਰੇ
ਹੂਕਦੀਆਂ ਉਹ ਠਰੀਆਂ ਰਾਤਾਂ
ਜਾਂ ਪਿੰਡਿਆਂ ਦੀ ਮੱਚਦੀ ਛਾਂ
ਦਿਨ ਅੱਥਰੇ ਸਨ, ਰੂਹ ਬਾਗੀ ਸੀ
ਦਿਲ ਤੋਂ ਬਾਹਰੇ ਹੋ ਤੁਰਦੇ ਸਾਂ
ਵਿਚ ਭਾਲਦੇ ਨੈਣਾਂ ਵੇਹੜੇ
ਆਪਣੀ ਆਪਣੀ ਥਾਂ ।
ਸੜਕਾਂ ਗਾਹੀਆਂ, ਓਹਲੇ ਛਾਣੇ
ਜੱਗ ਦੀਆਂ ਅੱਖਾਂ ਤੀਰ ਚਲਾਏ
ਫਿਰ ਵੀ ਜੰਗਾਂ ਜਿੱਤੀਆਂ ਹੱਸ ਕੇ,
ਸਾਹਾਂ ਦੇ ਅਸਾਂ ਕੋਟ ਉਸਾਰੇ
ਪਿਆਰ ਦੇ ਵਿਚ ਗਰਾਂ
ਸਿਖਰ ਦੁਪਹਿਰੇ ਸੁਪਨੇ ਆਏ
ਵਿਚ ਅਰਜੋਈਆਂ ਸਿਜਦੇ ਕੀਤੇ
ਪਲ ਨਾ ਸਜਣਾ ਓਹਲੇ ਹੋਈਏ
ਝੱਲ ਨਹੀਂ ਹੋਣੀ ਸਾਥੋਂ ਦੂਰੀ
ਵਿਚ ਵਿਛੋੜੇ ਮਰ ਜਾਵਾਂਗੇ
ਇਕ ਦੂਜੇ ਦੇ ਨਾਂ ।
ਇਹ ਵੀ ਦਿਨ ਆਉਣੇ ਸਨ ਲੋਕੋ ।
ਕਿਆਸ ਕੇ ਇਕ ਦੂਜੇ ਦਾ ਮੁੱਖੜਾ
ਪੱਜ ਭਾਲਦੇ, ਧੋਖਾ ਰਚਦੇ
ਰੂਹ ਦੀਆਂ ਕਬਰਾਂ ਹੱਥੀਂ ਪੁੱਟਦੇ
ਮੱਲ ਲੈਂਦੇ ਹਾਂ ਥਾਂ ।
ਰੁੱਤ ਨਿਰਮੋਹੀ ਸਾਜਸ਼ ਰਚ ਗਈ
ਥੋਹਰਾਂ ਉਗੀਆਂ ਸਾਹਾਂ ਦੇ ਵਿਚ
ਸੁਰਖ ਗੁਲਾਬਾਂ ਦੇ ਮੌਸਮ ਵਿਚ
ਫੁੱਲਾਂ ਦੇ ਰੰਗ ਕਾਲੇ ਹੋਏ
ਤੂੰ ਹੀ ਦੱਸ ਹੁਣ ਰੁੱਤ ਏਸ ਦਾ
ਰੱਖਾਂ ਮੈਂ ਕੀ ਨਾਂ ?
ਪੱਬਾਂ ਭਾਰ ਬੀਤੇਗੀ ਉਮਰਾ
ਇਸ ਉਮਰਾ ਨੂੰ ਦਵਾਂ ਕੀ ਨਾਂ ?

ਰਮਣੀਕ ਕੌਰ
166, ਫੇਜ਼—I, ਅਰਬਨ ਅਸਟੇਟ,
ਪੰਜਾਬੀ ਯੂਨੀਵਰਸਿਟੀ, ਪਟਿਆਲਾ ।



Sri Satguru Jagjit Singh Ji eLibrary NamdhariElibrary@gmail.com

# ਸੂਲੀ ਟੰਗਿਆ ਸ਼ਹਿਰ ਦੇ ਸੰਦ੍ਰਭ 'ਚ

—ਸੁਰਿੰਦਰ ਕੌਰ—

ਡਾ: ਨਰੇਸ਼, ਉਰਦੂ, ਹਿੰਦੀ ਤੇ ਪੰਜਾਬੀ ਜ਼ਬਾਨ ਦਾ ਇਕ ਸਿਰਕਢ ਸ਼ਾਇਰ, ਗਲਪ ਲੇਖਕ ਤੇ ਆਲੋਚਕ ਹੈ। ਇਸ ਦਾ ਪ੍ਰਮਾਣ ਉਸ ਦਾ ਇਨ੍ਹਾਂ ਭਾਸ਼ਾਵਾਂ ਵਿਚ ਰਚਿਆ ਸਿਰਜਣਾਤਮਕ ਤੇ ਆਲੋਚਨਾਤਮਕ ਸਾਹਿਤ ਹੈ। ਉਸ ਨੂੰ ਤਿੰਨਾਂ ਜ਼ਬਾਨਾਂ ਉਤੇ ਇਕੋ ਜਿਹਾ ਅਬੂਰ ਹਾਸਲ ਹੈ। ਪਾਠਕਾਂ ਦਾ ਘੇਰਾ ਇਨ੍ਹਾਂ ਵਸੀਹ ਹੈ ਕਿ ਤਿੰਨੇਂ ਜ਼ਬਾਨਾਂ ਦਾ ਪਾਠਕ ਗਣ ਉਸ ਨੂੰ ਆਪਣਾ ਸਰੇਸ਼ਟ ਸਾਹਿਤਕਾਰ ਮੰਨਦਾ ਹੈ। ਇਹ ਉਸਦੀ ਸਿਰਜਣਾਤਮਕ ਪ੍ਰਤਿਭਾ ਦਾ ਚਮਤਕਾਰ ਹੀ ਸਮਝੋ। ਗੰਭੀਰ ਪਾਠਕਾਂ ਨੇ ਉਸ ਨੂੰ ਪੂਰੀ ਗੰਭੀਰਤਾ ਨਾਲ ਪੜ੍ਹਿਆ ਤੇ ਵਾਚਿਆ ਹੈ ਜਿਸ ਸਦਕਾ ਉਹ ਅਨੇਕਾਂ ਸਨਮਾਨਾਂ ਤੇ ਪੁਰਸਕਾਰਾਂ ਨਾਲ ਪੁਰਸਕ੍ਰਿਤ ਹੋ ਚੁਕਾ ਹੈ। ਡਾ: ਨਰੇਸ਼ ਨੂੰ ਅਸੀਂ ਬਹੁ-ਭਾਸ਼ੀ ਕੌਮੀ ਸਾਹਿਤਕਾਰ ਸਹਿਜੇ ਹੀ ਆਖ ਸਕਦੇ ਹਾਂ।

ਮੈਂ ਉਸਦੇ ਵਿਭਿੰਨ ਸਾਹਿਤ ਰੂਪਾਂ ਦੀ ਸਿਰਜਣਾਂ ਵਿਚੋਂ ਕੇਵਲ ਉਸਦੇ ਨਾਵਲੀ ਸੰਸਾਰ (ਸੂਲੀ ਟੰਗਿਆ ਸ਼ਹਿਰ ਦੇ ਪ੍ਰਸੰਗ ਵਿਚ) ਨਾਲ ਨਿਪਟਣ ਦਾ ਸਾਹਸ ਕੀਤਾ ਹੈ। ਭਾਵੇਂ ਇਹ ਸਾਹਿਤ ਰੂਪ ਮੇਰੀ ਆਲੋਚਨਾ ਅਭਿਆਸ ਦਾ ਵਿਸ਼ਾ ਤਾਂ ਨਹੀਂ, ਪਰ ਇਸ ਦੇ ਬਾਵਜੂਦ, ਉਸ ਦੇ ਨਾਵਲ ਪੜ੍ਹਨ ਤੋਂ ਬਾਦ, ਕੁਝ ਲਿਖਣ ਨੂੰ ਦਿਲ ਕਰਦਾ ਹੈ। ਇਸੇ ਉਤਕੰਠ ਜਗਿਆਸਾ ਵਿਚੋਂ ਹੀ ਪ੍ਰਸਤੁਤ ਨਿਬੰਧ ਆਪਣੀ ਹੋਂਦ ਗ੍ਰਹਿਣ ਕਰਦਾ ਹੈ।

'ਸੂਲੀ ਟੰਗਿਆ ਸ਼ਹਿਰ' ਉਸਦਾ ਮਹੱਤਵਪੂਰਨ ਨਾਵਲ ਹੈ। ਲੇਖਕ ਦਾ ਇਹ ਨਾਵਲ ਸਵੈ-ਜੀਵਨੀ ਕਥਾਨਾਤਮਕ ਆਧਾਰ ਉਤੇ ਉਸਰਿਆ ਹੋਇਆ ਹੈ। ਇਸ ਲਈ ਇਸ ਨਾਵਲ ਦਾ ਵਸਤੂ ਯਥਾਰਥ ਅਨੁਭਵੀ ਤੇ ਸੰਵੇਦਨਸ਼ੀਲ ਹੈ। ਲੇਖਕ ਨੇ ਆਪਣੇ ਨਾਵਲ ਦੇ ਕਥਾਨਕ ਨੂੰ ਛੋਟੇ-ਛੋਟੇ ਅਨੁਭਵ ਖੰਡਾਂ ਰਾਹੀਂ, ਵਿਸਤਾਰਿਆ ਹੈ। ਇਹਨਾਂ ਅਨੁਭਵ ਖੰਡਾਂ ਰਾਹੀਂ ਉਹ ਜੀਵਨ ਦੇ ਅਨੇਕ ਪਹਿਲੂਆਂ ਨੂੰ ਆਪਣੀ ਮਾਰਮਿਕ ਤੇ ਸੰਵੇਦਨਸ਼ੀਲ ਦ੍ਰਿਸ਼ਟੀ ਰਾਹੀਂ ਅਜਿਹੇ ਗਲਪ-ਬਿੰਬ ਵਿਚ ਢਾਲਣ ਦੀ ਕੋਸ਼ਿਸ਼ ਕਰਦਾ ਹੈ, ਜਿਸ ਨਾਲ ਇਹ ਗਲਪ-ਬਿੰਬ ਸਿਰਫ ਅਕਾਦਮਿਕ ਅਦਾਰੇ ਦੇ ਵਿਭਿੰਨ ਪਹਿਲੂਆਂ ਦੀ ਹਕੀਕਤ ਨੂੰ ਜ਼ਾਹਰ ਨਹੀਂ ਕਰਦਾ ਬਲਕਿ ਇਸ ਤੋਂ ਅਗੇ ਉਹ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਨੂੰ ਬਹੁ-ਅਯਾਮੀ ਦ੍ਰਿਸ਼ਟੀ ਤੋਂ ਚਿਤ੍ਰਣ ਤੇ ਉਨ੍ਹਾਂ ਦੇ ਅੰਦਰਲੇ ਅਥਾਹ ਮਨ-ਸਾਗਰ ਵਿਚ ਉਤਰਣ ਦਾ ਉਪਰਾਲਾ ਕਰਦਾ ਪ੍ਰਤੀਤ ਹੁੰਦਾ ਹੈ।

ਇਸ ਨਾਵਲ ਦੀ ਰੂਪ-ਰਚਨਾ ਦੀ ਮੁਖ ਜੁਗਤ ਭਰਮ-ਨਵਿਰਤੀ ਦੀ ਜੁਗਤ ਹੈ। ਨਾਵਲ ਦਾ ਸਾਰਾ ਕਥਾਨਕ ਇਸ ਭਰਮ-ਨਵਿਰਤੀ ਜੁਗਤ ਤੇ ਟਿਕਿਆ ਹੋਇਆ ਹੈ। ਵਾਸਤਵ ਵਿਚ ਨਾਵਲ ਦੀ ਹੋਂਦ ਵਿਧੀ ਦਾ ਮੁਖ ਅਧਾਰ ਤਨਾਉ ਨੂੰ ਮੰਨਿਆ ਗਿਆ ਹੈ, ਪਰੰਤੂ ਇਹ ਤਨਾਉ ਉਦੋਂ ਹੀ ਉਤਪੰਨ ਹੁੰਦਾ ਹੈ ਜਦੋਂ ਵਿਅਕਤੀ ਦੇ ਇੱਛਾ ਮੂਲਿਕ ਸੁਪਨਿਆਂ ਨੂੰ ਸਾਕਾਰ ਹੋਣ ਦਾ ਅਵਸਰ ਨਹੀਂ ਮਿਲਦਾ, ਤੇ ਉਹ ਵਸਤੂ ਯਥਾਰਥ ਤੇ ਆਪਣੇ ਕਲਪੇ ਸੁਪਨੇ ਦੇ ਵਿਚਕਾਰ ਲਟਕਦਾ ਰਹਿ ਜਾਂਦਾ ਹੈ। ਇਉਂ ਉਸਦੇ ਸੁਪਨੇ, ਵਸਤੂ ਯਥਾਰਥ ਨਾਲ ਟਕਰਾਅ ਕੇ ਖੇਰੂੰ ਖੇਰੂੰ ਹੋ ਜਾਂਦੇ ਹਨ। ਅਰਥਾਤ ਉਹ ਸੁਪਨੇ ਤੋਂ ਹਕੀਕਤ ਵਲ ਪਹੁੰਚਦਾ ਹੈ—ਇਹੋ ਉਸਦੀ ਭਰਮ-ਨਵਿਰਤੀ ਹੈ। ਨਾਵਲ ਦੀ ਰੂਪ-ਰਚਨਾ ਵਿਚ ਇਹ ਭਰਮ-ਨਵਿਰਤੀ ਹਰੇਕ ਪਾਤਰ ਦੇ ਅੰਗ-ਸੰਗ ਹੈ।

ਨਾਵਲ ਦਾ ਮੁਖ ਪਾਤਰ ਰਾਕੇਸ਼, ਯੂਨੀਵਰਸਿਟੀ ਵਿਚ ਦਾਖਲਾ ਲੈ ਕੇ, ਸਿਰਫ ਆਪਣੀ ਦਿਗ-ਵਿਜੈ ਹੀ ਨਹੀਂ ਸਮਝਦਾ ਬਲਕਿ ਇਸ ਖੁਸ਼ੀ ਵਿਚ ਉਸ ਦਾ ਤਨ ਮਨ-ਬੁਧ ਸਰਸ਼ਾਰ ਹੋਏ ਪਏ ਹਨ। ਯੂਨੀਵਰਸਿਟੀ ਦੇ ਕੈਂਪਸ ਵਿਚ ਪ੍ਰਵੇਸ਼, ਉਸਦੇ ਲਈ ਕਿਸੇ ਸਵਰਗ ਦੇ ਬੂਹੇ ਖੁਲ੍ਹ ਜਾਣ ਦੇ ਸਮਾਨ ਹੈ। ਕਸਬੇ ਤੋਂ ਰਾਜਧਾਨੀ ਤੇ ਰਾਜਧਾਨੀ ਦੇ ਅੰਤਰ-ਰਾਸ਼ਟਰੀ ਪ੍ਰਸਿਧੀ ਵਾਲੇ ਸ਼ਹਿਰ ਵਿਚ, ਅੰਤਰ-ਰਾਸ਼ਟਰੀ ਪ੍ਰਸਿਧੀ ਦੀ ਮਾਲਕ ਯੂਨੀਵਰਸਿਟੀ 'ਚ ਦਾਖਲਾ ਉਸ ਨੂੰ ਇਕ ਵਾਰੀ ਵਿਸਮਾਦ ਵਿਸਮਾਦ ਕਰ ਦਿੰਦਾ ਹੈ। ਉਸ ਦੇ ਅੰਦਰ ਆਉਣ ਵਾਲੇ ਭਵਿਖ ਦੇ ਅਨੇਕਾਂ ਫੁਲ-ਗੁਲਦਸਤੇ ਖਿੜ ਉਠਦੇ ਹਨ, ਅਨੇਕਾਂ ਸਧਰਾਂ, ਅਰਮਾਨ ਜਗ ਪੈਂਦੇ ਹਨ। ਪਹਿਲੇ ਦਿਨ ਦੀ ਆਮਦ ਤੇ ਹੀ, ਉਸ ਨੂੰ ਵਿਵਹਾਰਕ ਰੂਪ 'ਚ ਜਿਸ ਤਰ੍ਹਾਂ ਵਿਚਰਨਾ ਪਿਆ, ਉਹ ਉਸ ਨੂੰ ਬੜਾ ਵਿਵਸਥਿਤ ਸਲੀਕੇਯੁਕਤ ਤੇ ਤਰਕ ਸੰਗਤ ਲਗਿਆ। ਉਸ ਨੂੰ ਪਤਾ ਹੀ ਨਹੀਂ ਲਗਿਆ ਕਦੋਂ ਉਹ ਆਪਣੇ ਹੋਸਟਲ ਦੇ ਸਾਥੀਆਂ ਵਿਚ ਸਾਥੀ ਹੋ ਨਿਬੜਿਆ। ਇਸ ਤਰ੍ਹਾਂ ਨਾਵਲ ਦਾ ਮੁਖ ਪਾਤਰ ਆਪਣੇ ਵਿਅਕਤੀਗਤ ਪਰਿਵਾਰ ਤੋਂ ਵਿਛੜ ਕੇ ਇਕ ਸਮੂਹਿਕ ਪਰਵਾਰ ਨਾਲ ਸੰਬੰਧਤ ਹੋ ਜਾਂਦਾ ਹੈ। ਕਿਸੇ ਵੀ ਆਦਮੀ ਦੇ ਜੀਵਨ ਵਿਚ ਇਹ ਤਬਦੀਲੀ ਬੜੀ ਅਹਿਮ ਹੁੰਦੀ ਹੈ। ਵਾਸਤਵ ਵਿਚ ਉਹ ਸੌੜੇ ਤੇ ਤੰਗ ਮਾਹੌਲ ਵਿਚੋਂ ਨਿਕਲਕੇ ਵਧੇਰੇ ਮੋਕਲੇ ਤੇ ਵਸੀਹ ਘੇਰੇ ਨਾਲ ਆਪਣਾ ਸੰਬੰਧ ਜੋੜਦਾ ਹੈ। ਸੰਬੰਧ ਜੋੜਣ ਦੀ ਇਸ ਪ੍ਰਕ੍ਰਿਆ ਵਿਚ ਹੀ ਉਸ ਦੇ ਜੀਵਨ ਦਾ ਰਹੱਸ ਲੁਕਿਆ ਹੁੰਦਾ ਹੈ। ਮਨੁੱਖ



Sri Satguru Jagjit Singh Ji eLibrary NamdhariElibrary@gmail.com

ਦੀਆਂ ਜੀਵਨ-ਤ੍ਰਾਸਦੀਆਂ ਅਥਵਾ ਕਾਮਦੀਆਂ ਇਸ ਰਹੱਸ-ਮਈ ਜੀਵਨ ਵਿਚੋਂ ਹੀ ਆਪਣਾ ਰੂਪ ਧਾਰਦੀਆਂ ਹਨ। ਵਿਅੰਗ ਇਹ ਹੈ, ਜਦੋਂ ਉਸ ਦਾ ਇਹ ਰੱਹਸਮਈ ਜੀਵਨ ਪਰਤ-ਦਰ-ਪਰਤ ਉਸਦੇ ਅਗੇ ਖੁਲ੍ਹਦਾ ਹੈ ਤਾਂ ਉਹ ਸਾਬਤ-ਸਬੂਤਾ ਨਾ ਰਹਿਕੇ ਟੋਟਿਆਂ ਵਿਚ ਜਿਉਣ ਲਈ ਮਜਬੂਰ ਹੋ ਜਾਂਦਾ ਹੈ। ਟੋਟਿਆਂ ਵਿਚ ਜਿਉਣਾ ਉਸਦੀ ਹੋਣੀ ਬਣ ਜਾਂਦੀ ਹੈ, ਪਰੰਤੂ, ਇਸ ਦੇ ਬਾਵਜੂਦ ਉਹ ਇਨ੍ਹਾਂ ਇਕੱਲਿਤਰੇ ਜੀਵਨ-ਟੋਟਿਆਂ ਨੂੰ ਜੋੜਕੇ ਸਾਬਤ-ਸਬੂਤਾ ਹੋਣਾ ਲੋਚਦਾ ਹੈ, ਉਸਦੀ ਇਹ ਲੋਚਾ ਪੂਰੀ ਨਹੀਂ ਹੁੰਦੀ। ਇਉਂ ਉਸਦਾ ਰਹੱਸਮਈ ਆਪਾ, ਉਸ ਲਈ ਅਜਨਬੀ ਬਣ ਜਾਂਦਾ ਹੈ। ਉਸਦੀ ਸਾਰੀ ਸ਼ਖਸੀਅਤ ਅਜਨਬੀਅਤ ਨਾਲ ਭਰ ਜਾਂਦੀ ਹੈ। ਇਉਂ ਉਹ ਆਪਣੇ ਆਪ ਨੂੰ ਯਤੀਮ ਜਿਹਾ ਹੋਇਆ ਸਮਝਦਾ ਹੈ। ਇਸ ਬਿੰਦੂ ਤੇ ਪਹੁੰਚਿਆ ਮਨੁੱਖ ਦੋ ਤਰ੍ਹਾਂ ਦੇ ਜੀਵਨ-ਰੁਖ ਅਪਣਾ ਸਕਦਾ ਹੈ। ਜਾਂ ਤਾਂ ਉਹ ਆਪਣੀ ਯਤੀਮੀ ਨੂੰ, ਵਿਸ਼ਾਲ ਚਿੱਤਰਪਟ ਤੇ ਚਿਤ੍ਰਕੇ, ਇਸ ਦੇ ਲੁਪਤ ਕਾਰਨਾਂ ਤੇ ਕਾਰਕਾਂ ਦੇ ਸਮਾਜਕ-ਇਤਿਹਾਸਕ ਸੰਦਰਭਾਂ ਵੱਲ ਰਜੂਅ ਕਰੇ। ਜੇਕਰ ਉਹ ਅਜੇਹਾ ਕਰਦਾ ਹੈ ਜਾਂ ਅਜਿਹਾ ਕਰਨ ਦਾ ਪ੍ਰਯਤਨ ਵੀ ਕਰਦਾ ਹੈ ਤਾਂ ਉਹ ਮੁਖ ਪਾਤਰ ਤੋਂ ਨਾਇਕ ਦੀ ਪਦਵੀ ਵਲ ਯਾਤਰਾ ਕਰਦਾ ਪ੍ਰਤੀਤ ਹੋਵੇਗਾ। ਜੇਕਰ ਉਹ ਅਜਿਹਾ ਨਹੀਂ ਕਰਦਾ, ਬਲਕਿ ਇਸ ਦੇ ਵਿਪਰੀਤ ਕਰਦਾ ਹੈ ਅਰਥਾਤ ਜਿਸ ਬਿੰਦੂ ਤੋਂ ਉਹ ਤੁਰਿਆ ਸੀ, ਮੁੜ ਉਸ ਕੇਂਦਰ ਵੱਲ ਖਿਚੀ ਜਾ ਰਿਹਾ ਹੈ, ਤਾਂ ਉਹ ਮੁਖ ਪਾਤਰ ਦੀ ਪਦਵੀ ਵੀ ਗ੍ਰਹਿਣ ਨਹੀਂ ਕਰੇਗਾ। ਬਲਕਿ ਉਹ ਵਿਅਕਤੀ ਤੋਂ ਸਿਰਫ ਪਾਤਰ ਬਨਣ ਦਾ ਕਾਰਜ ਹੀ ਨਿਭਾ ਸਕਣ ਦੇ ਯੋਗ ਹੋਵੇਗਾ। ਸੋ ਇਸੇ ਸੰਦਰਭ ਦੀ ਰੌਸ਼ਨੀ ਵਿਚ ਅਸੀਂ ਜਦੋਂ ਆਪਣੇ ਨਾਵਲ ਦੇ ਮੁਖ ਪਾਤਰ ਰਾਕੇਸ਼ ਨੂੰ ਵੇਖਣ ਦਾ ਜਤਨ ਕਰਦੇ ਹਾਂ ਤਾਂ ਕਈ ਦਿਲਚਸਪ ਸਿੱਟੇ ਪ੍ਰਾਪਤ ਹੁੰਦੇ ਹਨ।

ਰਾਕੇਸ਼ ਦੇ ਕਮਰੇ ਤੇ ਉਸ ਦੇ ਸਾਥੀਆਂ ਦੇ ਕਮਰਿਆਂ ਦੀ 'ਕੰਧ' ਸਾਂਝੀ ਹੈ। ਉਹ ਇਨ੍ਹਾਂ ਕਮਰਿਆਂ ਤੋਂ ਬਾਹਰ ਨਿਕਲਕੇ, ਕੋਰੀਡੋਰ, ਬਾਥਰੂਮ ਜਾਂ ਥਲੇ ਉਤਰਕੇ ਮੈੱਸ, ਕੰਟੀਨ ਅਥਵਾ ਕਾਮਨ ਰੂਮ 'ਚ ਇਕ ਦੂਜੇ ਦੇ ਦਰਸ਼ਨ ਕਰਦੇ ਤੇ ਵਾਰਤਾਲਾਪ ਕਰਦੇ ਹਨ। ਪਰੰਤੂ ਕਈ ਨੌਜਵਾਨ ਸਾਥੀਆਂ ਜਿਵੇਂ ਸਰਬਜੀਤ ਵਰਗੇ ਉਪਰੋਂ ਅੜਬ, ਅਖੜ ਤੇ ਅਸਭਿਅਕ ਲਗਣ ਵਾਲੇ ਤੇ ਅੰਦਰੋਂ ਅਤਿਅੰਤ ਨਾਜ਼ਕ, ਦਿਲਾਂ ਦਾ ਵੈਰਾਗ ਜਾਂ ਦਰਦ ਦਾ ਰੇਸ਼ਾ ਆਪ ਮੁਹਾਰੇ ਜ਼ਬਾਨ ਵਿਚੋਂ ਨਿਕਲਕੇ, ਇਨਾਂ ਕੰਧਾਂ ਦੇ ਆਰ-ਪਾਰ ਫੈਲਦਾ ਹੈ ਤਾਂ ਇਹ ਕੰਧਾਂ ਮਨੁਖੀ ਕੱਦ ਤੋਂ ਨੀਵੀਆਂ ਹੋ ਜਾਂਦੀਆਂ ਹਨ। ਉਦੋਂ ਅਸੀਂ ਇਕ ਦੂਜੇ ਦੇ ਦੁਖ ਵਿਚ ਸ਼ਰੀਕ ਹੋਣ ਤੋਂ ਨਹੀਂ ਰਹਿ ਸਕਦੇ। ਭਾਵੇਂ ਕਿ ਦੂਜਿਆਂ ਦੇ ਦੁੱਖ ਵਿਚ ਸ਼ਰੀਕ ਹੋਣਾ ਵੀ ਇਕ ਭਰਮ ਹੀ ਹੈ, ਕਿਉਂ ਜੁ ਵਾਸਤਵ ਵਿਚ ਉਦੋਂ ਵੀ ਅਸੀਂ ਅਪ੍ਰਤੱਖ ਰੂਪ 'ਚ ਆਪਣਾ ਆਪ ਦਾ ਦੁੱਖ ਹੀ ਸਾਂਝਾ ਕਰ ਰਹੇ ਹੁੰਦੇ ਹਾਂ।

ਦੂਜਾ, ਰਾਕੇਸ਼ ਦੇ ਹੋਸਟਲ ਤੇ ਉਸ ਦੇ ਵਿਭਾਗ ਦੀ ਇਮਾਰਤ ਵਿਚਕਾਰ ਸਿਰਫ ਇਕ ਸੜਕ ਦੀ ਵਿੱਥ ਹੈ। ਸੜਕ ਦੀ ਇਹ ਵਿਥ ਉਹ ਨਿਰੰਤਰ ਗਤਿਮਾਨ ਵਰਤਮਾਨ ਹੈ, ਜਿਸ ਰਾਹੀਂ ਪੂਰੇ ਦੇ ਪੂਰੇ ਕੈਂਪਸ ਅੰਦਰ ਵੜੇ ਤੇ ਕੁਝ ਸਮਾਂ ਬਾਕੀ 'ਖੁਲ੍ਹੀਆਂ ਤੇ ਬੰਦ' ਵਿਥਾਂ ਵਿਚ ਗੁਜ਼ਾਰਕੇ, ਇਸ ਵਿਥ ਰਾਹੀਂ ਹੀ ਬਾਹਰ ਨਿਕਲ ਗਏ।

ਇਹ ਵਿਥਾਂ ਹੋਸਟਲ ਵਿਚ ਵੀ ਹਨ, ਵਿਭਾਗਾਂ ਵਿਚ ਵੀ ਹਨ ਤੇ ਵਿਭਾਗਾਂ ਦੇ ਆਰ-ਪਾਰ, ਚੁਫੇਰੇ ਫੈਲੀਆਂ ਇਮਾਰਤਾਂ ਵਿਚਕਾਰ ਵੀ। ਇਨ੍ਹਾਂ ਵਿਥਾਂ 'ਚ ਤੁਰਣਾ ਜਾਂ ਇਨ੍ਹਾਂ ਵਿਥਾਂ ਰਾਹੀਂ ਤੁਰਨਾ ਤੇ ਤੁਰਦੇ-ਤੁਰਦੇ ਇਨ੍ਹਾਂ ਵਿਥਾਂ ਦੀਆਂ 'ਕੰਧਾਂ' ਨਾਲ ਜਾ ਟਕਰਾਉਣਾ, ਇਸ ਵਿਸ਼ਾਲ ਅਕਾਦਮਿਕ ਅਦਾਰੇ ਦੇ ਹਰੇਕ ਵਿਦਿਆਰਥੀ ਦੇ ਥੋੜ੍ਹਾ ਬਹੁਤ ਜ਼ਰੂਰ ਹਿਸੇ ਆਉਂਦਾ ਹੈ। ਰਾਕੇਸ਼ ਦੇ ਪੈਰ ਹੋਸਟਲ 'ਚ ਨਿਕਲਕੇ ਵਿਭਾਗ ਤਕ ਜਾ ਪਹੁੰਚਦੇ ਹਨ, ਕਈ ਵਿਥਾਂ ਨੂੰ ਪਾਰ ਕਰਕੇ, ਉਹ ਵਿਭਾਗ ਦੀ ਆਪਣੀ ਹਮ-ਜਮਾਤਨ ਅਨੁਰਾਧਾ ਉਰਫ ਅਨੁ ਵਿਚਕਾਰ ਫੈਲੀ ਵਿਥ ਨੂੰ ਭਰ ਜਾਣ ਵਿਚ ਕਾਮਯਾਬ ਹੋ ਜਾਂਦਾ ਹੈ। ਇਕ ਵਾਰੀ ਤਾਂ ਉਸ ਨੂੰ ਇਉਂ ਲਗਦਾ ਹੈ, ਜਿਵੇਂ ਉਹ 'ਸਮਤਲ' ਧਰਤੀ ਤੇ ਆ ਗਿਆ ਹੋਵੇ। ਪਰ ਜਿਉਂ ਹੀ ਉਹ ਅਗੇ ਤੁਰਨ ਦੀ ਖਾਹਸ਼ ਕਰਦਾ ਹੈ, ਤਾਂ ਉਸ ਨੂੰ ਪਤਾ ਲਗਦਾ ਹੈ ਕਿ ਜਿਸ ਧਰਤੀ ਨੂੰ ਉਹ ਸਮਤਲ ਸਮਝ ਬੈਠਾ ਸੀ—ਅਜਿਹੀ ਨਹੀਂ ਸੀ। ਰਾਕੇਸ਼ ਅਨੁਰਾਧਾ/ਅਨੁ ਦੇ ਧੁਰ ਅੰਦਰ ਬੈਠਣ ਦੀ ਕੋਸ਼ਿਸ਼ ਕਰਦਾ ਹੈ, ਉਸ ਦੀ ਇਹ ਕੋਸ਼ਿਸ਼, ਕੋਸ਼ਿਸ਼ ਹੋ ਕੇ ਵੀ, ਉਸ ਦੇ ਦਿਲ ਦੇ ਮਰਮ ਤਕ ਪਹੁੰਚਣ ਤੋਂ ਅਸਮਰਥ ਹੈ। ਅਨੁ ਰਾਕੇਸ਼ ਦੀਆਂ ਇਛਾਵਾਂ ਤੇ ਪੂਰੀ ਨਹੀਂ ਉਤਰਦੀ, ਪਰ ਰਾਕੇਸ਼ ਆਪਣੀਆਂ ਪਵਿੱਤਰ ਤੇ ਮਾਨਵੀ ਉਦਾਤ ਭਾਵਨਾਵਾਂ ਤੋਂ ਥਲੇ ਜ਼ਰੂਰ ਉਤਰ ਆਉਂਦਾ ਹੈ, ਇਥੇ ਉਸਦੀ ਸਾਥਣ ਸੁਖਵੰਤ ਬਣਦੀ ਹੈ। ਪਰੰਤੂ, ਥੋੜ੍ਹਾ ਅਰਸਾਂ ਬਾਦ ਹੀ, ਅਨੁ, ਆਪਣੀਆਂ ਉਦਾਤ ਭਾਵਨਾਵਾਂ ਤੇ ਆਤਮ-ਸਮਰਪਿਤ ਭਾਵਨਾ ਨਾਲ ਰਾਕੇਸ਼ ਨੂੰ ਉਪਰ ਉਠਾਣ ਵਿਚ ਕਾਮਯਾਬ ਹੋ ਜਾਂਦੀ ਹੈ। ਅਨੁ ਦਾ ਇਸਤਰੀ ਈਰਖਾ-ਭਾਵ ਤੇ ਉਸ 'ਅੰਦਰਲਾ ਖਲਾਅ' ਦੋਵੇਂ ਰਲਕੇ ਰਾਕੇਸ਼ ਨੂੰ ਇਕ ਵਾਰੀ ਆਪੇ ਦੀ ਪਹਿਚਾਣ ਕਰਨ ਦਾ ਮੌਕਾ ਦਿੰਦੇ ਹਨ। ਪਰ ਰਾਕੇਸ਼ ਨੂੰ ਆਪਣੇ ਅੰਦਰਲੇ ਨੂੰ ਸਾਬਤ-ਸਬੂਤਾ ਕਰਨ ਦਾ ਫਿਕਰ ਹੈ, ਉਹ ਚਾਹੁੰਦਾ, ਅਨੁ ਉਸਦੀ ਹੋ ਕੇ ਰਹਿ ਜਾਵੇ, ਉਹ 'ਦੋ' ਤੋਂ 'ਇਕ' ਹੋ ਜਾਣ,


Sri Satguru Jagjit Singh Ji eLibrary NamdhariElibrary@gmail.com

ਪਰੰਤੂ ਉਸਦੀ ਏਕੇ ਦੀ ਰੀਝ ਪੂਰੀ ਨਹੀਂ ਹੁੰਦੀ—ਇਸ ਸੁਹਣੇ ਸ਼ਹਿਰ ਦੀ, ਇਸ ਖੂਬਸੂਰਤ ਯੂਨੀਵਰਸਿਟੀ ਵਿਚ ਦਾਖਲਾ ਲੈਂਦਿਆਂ ਜੋ ਉਸ ਨੇ ਸੁਪਨਿਆਂ ਦਾ ਜਾਲ ਬੁਨਣਾ ਸ਼ੁਰੂ ਕੀਤਾ ਸੀ, ਉਹੀ ਜਾਲ, ਉਸ ਦੇ ਮਨ-ਮਸਤਿਕ ਉਤੇ ਬੁਰੀ ਤਰ੍ਹਾਂ ਛਾਅ ਜਾਂਦਾ ਹੈ। ਇਸ ਜਾਲ ਥਲੇ, ਉਸ ਦੇ ਹੋਸਟਲ ਦੇ ਸਾਥੀ, ਹਮਜਮਾਤੀ, ਉਸ ਦੇ ਅਧਿਆਪਕ, ਯੂਨੀਵਰਸਿਟੀ ਦੇ ਵੱਡੇ-ਛੋਟੇ ਅਧਿਕਾਰੀ ਤੇ ਚਾਚੇ ਵਰਗੇ ਹੱਕ-ਸੱਚ ਤੇ ਨਿਆਂ ਲਈ ਚੀਕਦੇ, ਸਭ ਵਿਅਕਤੀ ਉਲਝੇ ਪਏ ਹਨ। ਇਸ ਉਲਝਣ ਭਰੇ ਵਾਤਾਵਰਣ ਵਿਚ ਰਾਕੇਸ਼ ਨੂੰ ਚੰਡੀਗੜ੍ਹ ਸ਼ਹਿਰ ਦੀ ਉਸਾਰੀ ਸਮੇਂ ਉਜਾੜੇ ਗਏ ਸਮੂਹ ਪਿੰਡਾਂ ਦੀ ਦਿੱਤੀ ਬੱਦ ਅਸੀਸ—ਜਿਵੇਂ ਤੁਸੀਂ ਸਾਨੂੰ ਖਦੇੜਿਆ ਤੇ ਉਜਾੜਿਆ ਹੈ—ਉਸੇ ਤਰ੍ਹਾਂ ਇਸ ਸ਼ਹਿਰ ਦਾ ਹਰ ਵਾਸੀ ਇਥੇ ਆ ਕੇ ਉਜੜ ਕੇ ਰਹੇਗਾ—ਦਾ ਸਰਾਪ, ਸੱਚ ਪ੍ਰਤੀਤ ਹੁੰਦੀ ਹੈ। ਕਿਉਂਕਿ ਅੰਤ ਨੂੰ ਨਾਵਲ ਦਾ ਮੁਖ ਪਾਤਰ ਰਾਕੇਸ਼ ਵੀ, ਆਪਣੇ ਆਪ ਨੂੰ ਖਦੇੜਿਆਂ ਤੇ ਉਜੜ ਗਿਆ ਹੀ ਅਨੁਭਵ ਕਰਦਾ ਹੈ। ਤਨੋਂ-ਮਨੋਂ ਉਜੜ ਜਾਣਾ, ਯਤੀਮ ਦੇ ਰੁਤਬੇ ਤੇ ਪਹੁੰਚ ਜਾਣਾ ਹੁੰਦਾ ਹੈ ਤੇ ਯਤੀਮੀ ਉਦੋਂ ਆਉਂਦੀ ਹੈ ਜਦੋਂ ਅਸੀਂ ਸੁਹਣੇ-ਨੁਨਖੇ, ਭਰੇ-ਭਕੂਨੇ ਸ਼ਹਿਰ ਤੇ ਵਿਸ਼ਵ-ਵਿਦਿਆਲੇ ਵਿਚ ਆਪਣੇ ਆਪ ਨੂੰ ਇਕੱਲਾ ਤੇ ਅਜਨਬੀ ਪਾਉਂਦੇ ਹਾਂ। ਰਾਕੇਸ਼ ਘਰੋਂ ਸਾਬਤ-ਸਬੂਤਾ ਆਉਂਦਾ ਹੈ—ਵਿਸ਼ਵ-ਵਿਦਿਆਲੇ ਵਿਚ ਪੈਰ ਪਾਉਂਦਿਆਂ ਹੀ, ਉਸਦੇ ਟੋਟੇ ਹੋਣੇ ਸ਼ੁਰੂ ਹੋ ਜਾਂਦੇ ਹਨ। ਉਸ ਦੇ ਇਹ ਟੋਟੇ ਕਦੇ ਦੋਸਤਾਂ ਦੀਆਂ ਮਹਿਫਲਾਂ ਦਾ ਆਨੰਦ ਮਾਣ ਰਹੇ ਹਨ ਕਦੀ ਹੋਸਟਲ ਵਿਚ ਹੋ ਰਹੇ ਫੰਕਸ਼ਨਾਂ ਵਿਚ ਚਲੀ ਜਾ ਰਹੀ ਰਾਜਨੀਤੀ ਨੂੰ ਵੇਖ ਰਹੇ ਹਨ, ਕਦੀ ਵਾਰਡਨ ਤੇ ਉਸਦੀ ਸਨਅਤ ਹੋਸਟਲ ਵਿਚ ਹੋ ਰਹੀ ਘਪਲਾਬਾਜ਼ੀ ਤੇ ਪ੍ਰੇਸ਼ਾਨ ਹੋ ਰਹੇ ਹਨ ਤੇ ਕਦੀ ਵਿਭਾਗ ਵਿਚ ਏਸੇ ਰਾਜਨੀਤੀ ਤੇ ਘਪਲੇਬਾਜ਼ੀ ਦਾ ਸਾਹਿਤਕ ਸੰਸਕਰਣ ਵੇਖਕੇ ਮੁਗਧ ਹੋ ਰਹੇ ਹਨ। ਕਦੀ ਉਸਦੀ ਸ਼ਖਸੀਅਤ ਦਾ ਕੋਈ ਟੋਟਾ ਸਰਬਜੀਤ ਦੀ ਜ਼ਿੰਦਗੀ ਜਿਉਣ ਲੱਗ ਪੈਂਦਾ ਹੈ ਤੇ ਕਦੀ ਪਾਨ ਵਾਲੇ ਚਾਚੇ ਦੀ। ਤੇ ਫਿਰ ਹੋਸਟਲ ਦੇ ਬਾਕੀ ਮੁੰਡਿਆਂ ਵਾਂਗ ਕਦੀ ਨਿਰਭਾਵ ਤੇ ਨਿਰਮੋਹਾ ਹੋ ਕੇ, ਆਤਮ-ਹਤਿਆ ਵਰਗੀ ਘਿਨਾਉਣੀ ਘਟਨਾ ਨੂੰ ਭੁਲਾਉਣ ਦਾ ਜਤਨ ਕਰਦਾ ਹੈ। ਰਾਕੇਸ਼ ਦੀ ਸਖਸ਼ੀਅਤ ਦੇ ਇਹ ਟੋਟੇ, ਵਿਰੋਧਾਂ, ਆਤਮ-ਵਿਰੋਧਾਂ, ਵਿਚ ਵੰਡੇ ਹੋਏ, ਪ੍ਰਸਪਰ ਕ੍ਰਿਆ ਪ੍ਰਤੀਕ੍ਰਿਆ ਵਿਚ ਪੈ ਕੇ, ਕਦੇ ਦਗਦੇ ਹਨ ਤੇ ਕਦੀ ਬੁਝਦੇ ਹਨ, ਕਦੀ ਮਚਦੇ ਹਨ ਕਦੀ ਰਾਖ ਹੋ ਜਾਂਦੇ ਹਨ। ਨਾਵਲ ਦਾ ਮੁਖ ਪਾਤਰ ਰਾਕੇਸ਼, ਪੱਥਰਾਂ ਦੇ ਇਸ ਨਿਰਜੀਵ ਸ਼ਹਿਰ ਵਿਚ ਸ਼ਹਿਰ ਦੇ ਦੂਸਰੇ ਪੱਥਰਾਂ ਵਾਂਗ, ਇਕ ਪੱਥਰ ਬਣਕੇ ਟਿੱਕ ਜਾਣ ਦਾ ਸਾਹਸ ਵੀ ਨਹੀਂ ਕਰਦਾ, ਉਹ ਪੱਥਰਾਂ ਨਾਲ ਸਿਰ ਨਹੀਂ ਮਾਰਦਾ—ਉਸ ਨੂੰ ਅੰਦਰੋਂ ਹੋਰ ਵਧੇਰੇ ਖੁਰ ਜਾਣ ਦਾ ਡਰ ਹੈ—ਇਹੀ ਡਰ, ਉਸ ਨੂੰ ਯਕਦਮ ਇਸ ਸ਼ਹਿਰ ਤੋਂ ਭਜਾਕੇ ਆਪਣੇ ਦੇਸ਼, ਆਪਣੇ ਸ਼ਹਿਰ, ਆਪਣੇ ਪਰਿਵਾਰ ਵਿਚ ਜਾ ਪਹੁੰਚਾਦਾ ਹੈ ਅਤੇ ਉਸਦੀ ਸਖਸ਼ੀਅਤ ਦੇ ਟੋਟੇ ਇਥੇ ਹੀ ਬਿਖਰ ਨਾ ਜਾਣ, ਉਹ ਤਾਂ ਇਨ੍ਹਾਂ ਟੋਟਿਆਂ ਵਿਚੋਂ ਹੀ ਲੰਘੇ ਅਨੁਭਵਾਂ ਨੂੰ ਕਿਸੇ ਰਹੱਸਮਈ ਇਕਾਗਰਕਾਰੀ ਨੇਮ ਵਿਚੋਂ ਦੀ ਲੰਘਾਕੇ, ਸਾਬਤ-ਸਬੂਤਾ ਹੋਣਾ ਲੋੜਦਾ ਹੈ—ਉਹਦਾ ਜੀਵਨ ਭਰਮ ਮਿੱਟ ਗਿਆ ਹੈ। ਉਹ ਸੁਪਨਿਆਂ ਤੋਂ ਹਕੀਕਤ ਦੇ ਰਾਹ ਦਾ ਸਫਰ ਕਰਦਾ ਹੋਇਆ ਭਰਮ-ਨਵਿਰਤੀ ਦੀ ਮਿਸ਼ਾਲ ਲੈ ਕੇ ਚਲਦਾ ਹੈ! ×

## ਸਿਰਜਣਾ ਕੇਂਦਰ ਕਪੂਰਥਲਾ ਦੀ ਚੋਣ

ਸਿਰਜਣਾ ਕੇਂਦਰ ਕਪੂਰਥਲਾ ਦੀ ਇਕ ਚੋਣ ਇਕੱਤ-ਰਤਾ ਐਮ. ਡੀ. ਐਸ. ਡੀ. ਹਾਈ ਸਕੂਲ ਕਪੂਰਥਲਾ ਵਿਖੇ ਸਭਾ ਦੇ ਵਕਤ ਦੇ ਪ੍ਰਧਾਨ ਸ: ਹਰਭਜਨ ਸਿੰਘ ਹੁੰਦਲ (ਸੀਨੀਅਰ ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ) ਦੀ ਪ੍ਰਧਾਨਗੀ ਵਿਚ ਹੋਈ। ਜਨਰਲ ਸਕੱਤਰ ਕਰਨੈਲ ਸਿੰਘ ਨਿਝਰ ਨੇ ਸਾਲਾਨਾ ਰਿਪੋਰਟ ਪੜ੍ਹੀ। ਬਹਿਸ ਦੌਰਾਨ ਮੈਂਬਰਾਂ ਨੇ ਰਿਪੋਰਟ ਵਿਚ ਰਹਿ ਗਈਆਂ ਤਰੁਟੀਆਂ ਵਲ ਧਿਆਨ ਦਵਾਇਆ।

ਦੂਸਰੇ ਦੌਰ ਵਿਚ ਸਿਰਜਣਾ ਕੇਂਦਰ ਦੀ ਚੋਣ 'ਅਜੀਤ ਰਾਹੀਂ' ਦੀ ਪ੍ਰਧਾਨਗੀ ਹੇਠ ਹੋਈ। ਦੋ ਪੈਨੇਲ ਪੇਸ਼ ਕੀਤੇ ਜਾਣ ਕਰਕੇ ਚੋਣ ਵਾਸਤੇ ਵੋਟਾਂ ਪਾਈਆਂ ਗਈਆਂ। ਪ੍ਰਧਾਨਗੀ ਪਦ ਲਈ ਸਭਾ ਦੇ ਪ੍ਰਧਾਨ ਹਰਭਜਨ ਸਿੰਘ ਹੁੰਦਲ ਦੇ ਮੁਕਾਬਲੇ ਸਭਾ ਦੇ ਜਨਰਲ ਸਕੱਤਰ ਕਰਨੈਲ ਸਿੰਘ ਨਿਝਰ ਖੜੇ ਸਨ। ੪੬ ਵੋਟਾਂ ਚੋਂ ੨੭ ਪਾਈਆਂ ਗਈਆਂ। ਕਰਨੈਲ ਸਿੰਘ ਨਿਝਰ ੭ ਦੇ ਮੁਕਾਬਲੇ ੨੦ ਵੋਟਾਂ ਪ੍ਰਾਪਤ ਕਰਕੇ ਨਵੇਂ ਪ੍ਰਧਾਨ ਚੁਣੇ ਗਏ। ਬਾਕੀ ਦੇ ਅਹੁਦੇਦਾਰ ਸਰਬ ਸੰਮਤੀ ਨਾਲ ਚੁਣੇ ਗਏ। ਨਵੇਂ ਅਹੁਦੇਦਾਰਾਂ ਦੇ ਨਾਮ ਹਨ: ਸਰਪ੍ਰਸਤ ਸ਼ਿਵਦੇਵ ਸੰਧਾਵਾਲੀਆ, ਪ੍ਰਧਾਨ ਕਰਨੈਲ ਸਿੰਘ ਨਿੱਝਰ, ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਸਿਫਤੀ, ਮੀਤ ਪ੍ਰਧਾਨ ਕੁਲਭੂਸ਼ਨ, ਜਨਰਲ ਸਕੱਤਰ ਚੰਨ ਮੋਮੀ, ਜਾਇੰਟ ਸਕੱਤਰ ਸੁਰਜੀਤ ਸਾਜਨ, ਖਜ਼ਾਨਚੀ ਜੰਗ ਬਹਾਦਰ ਸਿੰਘ ਘੁਮਣ, ਆਡੀਟਰ ਸੰਤ ਸੰਧੂ, ਸੁੱਚਾ ਸਿੰਘ ਦਾਗ ਤੇ ਨਿਰਮਲ ਸਿੰਘ ਭੰਡਾਲ, ਪ੍ਰੈਸ ਸਕੱਤਰ ਪ੍ਰੋ: ਕੇਵਲ ਸਿੰਘ ਪਰਵਾਨਾ ਦਫਤਰ ਸਕੱਤਰ ਮੱਖਣ ਮਾਨ। ਕਾਰਜ ਕਾਰਨੀ ਵਿਚ ਕੰਵਰ ਇਮਤਿਆਜ਼, ਤਰਲੋਕ ਸਿੰਘ ਬੀਰ, ਨਿਰਮਲ ਸਿੰਘ ਖੱਖ, ਪ੍ਰਮਿੰਦਰ ਵਿਰਦੀ ਆਦਿ।

—ਪ੍ਰੋ: ਕੇਵਲ ਸਿੰਘ



Sri Satguru Jagjit Singh Ji eLibrary NamdhariElibrary@gmail.com

## ਖ਼ ਬ ਰ ਨਾ ਮਾ

# ਸੰਤ ਅਵਤਾਰ ਸਿੰਘ ਜੀ ਨਾਮਧਾਰੀ ਨਮਿਤ ਮੇਲਾ



ਸ. ਅਵਤਾਰ ਸਿੰਘ ਜੀ ਨਾਮਧਾਰੀ ਪ੍ਰਿੰਟਿੰਗ ਪਰੈਸ ਦਿਲੀ ਵਾਲੇ ਮਿਤੀ ੯ ਫਰਵਰੀ ਨੂੰ ਸਦੀਵੀ ਵਿਛੋੜਾ ਦੇ ਗਏ ਹਨ।

ਅਪਣੀ ਮਿਹਨਤ ਨਾਲ ਉਹਨਾਂ ਪ੍ਰਿੰਟਿੰਗ ਪਰੈਸ ਸਥਾਪਤ ਕਰਕੇ ਅਗੋਂ ਪਰਿਵਾਰ ਨੂੰ ਵੀ ਇਸੇ ਕਾਰੋਬਾਰ ਵਿਚ ਸਫਲ ਕੀਤਾ। ਕੀਰਤਨ ਅਤੇ ਸੰਗੀਤ ਵੀ ਆਪ ਦਾ ਵਿਸ਼ੇਸ਼ ਸ਼ੋਕ ਸੀ। ਨਾਮਧਾਰੀ ਪੰਥ ਦੇ ਪ੍ਰਸਿਧ ਕੀਰਤਨੀਏ ਸੰਤ ਬਲਵੰਤ ਸਿੰਘ ਜੀ ਦੇ ਆਪ ਵਡੇ ਭਰਾਤਾ ਹਨ ਅਤੇ ਆਪ ਦੇ ਦੂਸਰੇ ਭਰਾ ਸੰਤ ਸਵਰਨ ਸਿੰਘ ਹਨ।

ਸੰਤ ਅਵਤਾਰ ਸਿੰਘ ਧਾਰਮਕ ਅਤੇ ਸਮਾਜਕ ਕਾਰਜਾਂ ਵਿਚ ਸਦਾ ਹੀ ਸਰਗਰਮ ਰਹੇ ਹਨ।

ਉਹਨਾਂ ਦੀ ਜੀਵ ਆਤਮਾ ਨਮਿਤ ਮਿਤੀ ੧੭ ਫਰਵਰੀ ੧੯੯੦ ਨੂੰ ਉਹਨਾਂ ਦੇ ਗ੍ਰਿਹ ਦਿਲੀ ਵਿਖੇ ਇਕ ਭਾਰੀ ਮੇਲਾ ਹੋਇਆ। ਜਿਸ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ ਹਜ਼ੂਰੀ ਜੱਥੇ ਸਹਿਤ ਦਰਸ਼ਨ ਦਿਤੇ ਅਤੇ ਪਰਿਵਾਰ ਨੂੰ ਧੀਰਜ ਬੰਧਾਈ। ਸੰਤ ਅਵਤਾਰ ਸਿੰਘ ਜੀ ਦੇ ਘਰੋਂ ਬੀਬੀ ਸੁਰਜੀਤ ਕੌਰ ਦੀ ਆਗਿਆ ਵਿਚ ਉਹਨਾਂ ਦੇ ਸਪੁਤਰਾਂ ਗੁਰਚਰਨ ਸਿੰਘ ਗੁਰਦੀਪ ਸਿੰਘ, ਹਰਜਿੰਦਰ ਸਿੰਘ, ਗੁਰਦੇਵ ਸਿੰਘ ਨੇ ਸਾਧ ਸੰਗਤ ਦੀ ਸੇਵਾ ਕੀਤੀ। ਧਾਰਮਕ ਅਤੇ ਸਮਾਜਕ ਕਾਰਜਾਂ ਵਾਸਤੇ ਬੇਅੰਤ ਮਾਇਆ ਅਰਦਾਸ ਕਰਾਈ। ਇਸ ਅਵਸਰ ਤੇ ਵਰਿਆਮ ਨੂੰ ਵੀ ੫੦੧/- ਰੁਪਏ ਸ. ਪ੍ਰੀਤਮ ਸਿੰਘ ਕਵੀ ਰਾਹੀਂ ਭੇਜੇ ਗਏ ਹਨ।

# ਸੰਤ ਹਾਕਮ ਸਿੰਘ, ਡਾਲਟੰਨ ਗੰਜ, ਸੁਰਗਵਾਸ

ਸ. ਅਮਰ ਸਿੰਘ ਜੀ ਡਾਲਟੰਨ ਗੰਜ ਸੂਚਨਾ ਦਿੰਦੇ ਹਨ ਕਿ ਬੀਤੀ ੯ ਮਾਰਚ ਨੂੰ ਸ. ਹਾਕਮ ਸਿੰਘ ਜੀ ਸੁਰਗਵਾਸ ਹੋ ਗਏ। ਉਹਨਾਂ ਦੀ ਜੀਵ ਆਤਮਾ ਨਮਿਤ ਰਖੇ ਪਾਠ ਦਾ ਭੋਗ ੨੩ ਮਾਰਚ ਨੂੰ ਡਾਲਟੰਨ ਗੰਜ ਵਿਖੇ ਪਾਇਆ ਗਿਆ। ਇਸ ਸਮੇਂ ਵਰਿਆਮ ਨੂੰ ਭੇਜੀ ਗਈ ੧੦੧/- ਰੁ: ਸਹਾਇਤਾ ਪੁੱਜੀ ਹੈ।

# ਜਥੇਦਾਰ ਗਿਆਨ ਸਿੰਘ ਜੀ ਵੀਰੋਕੇ ਪਰਿਵਾਰ ਨੂੰ ਖੁਸ਼ੀਆਂ

ਨਾਮਧਾਰੀ ਪੰਥ ਦੇ ਜਗਤ ਪ੍ਰਸਿਧ ਵਿਦਵਾਨ ਅਤੇ ਕੀਰਤਨਕਾਰ ਜਥੇਦਾਰ ਗਿਆਨ ਸਿੰਘ ਜੀ ਦੇ ਪਰਿਵਾਰ ਨੂੰ ਸਤਿਗੁਰੂ ਜੀ ਨੇ ਖੁਸ਼ੀਆਂ ਬਖਸ਼ੀਆਂ ਹਨ। ਉਹਨਾਂ ਦੇ ਸਪੁਤਰ ਗੁਰਬਚਨ ਸਿੰਘ ਦਾ ਅਨੰਦ ਕਾਰਜ ਬੀਬੀ ਰੁਪਿੰਦਰ ਕੌਰ ਸਪੁਤਰੀ ਸੰਤ ਬਲੀ ਸਿੰਘ ਵਿਰਕ ਸਰਪੰਚ ਰਾਮਪੁਰ (ਬੁਢੀਮਾੜੀ) ਜ਼ਿਲਾ ਸਰਸਾ ਨਾਲ ੨ ਵਸਾਖ ੧੪ ਅਪਰੈਲ ੧੯੯੦ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ। ਇਸ ਅਵਸਰ ਤੇ ਜਥੇਦਾਰ ਜੀ ਨੇ ਵਰਿਆਮ ਨੂੰ ੧੦੦/- ਰੁ: ਦਿਤੇ।

# ਸ. ਹਰਜੀਤ ਸਿੰਘ ਜਲੰਧਰ ਘਰ ਪਾਠ

ਸ. ਹਰਜੀਤ ਸਿੰਘ ੫੧੮ ਪ੍ਰੀਤ ਨਗਰ ਜਲੰਧਰ ਨੇ ਮਿਤੀ ੧੭ ਫਰਵਰੀ ੧੯੯੦ ਨੂੰ ਅਪਣੇ ਘਰ ਪਾਠ ਦਾ ਭੋਗ ਪੁਆਇਆ। ਇਸ ਖੁਸ਼ੀ ਵਿਚ ਵਰਿਆਮ ਨੂੰ ੨੧/- ਰੁ: ਸ. ਦੀਪ ਸਿੰਘ ਸਕੱਤਰ ਰਾਹੀਂ ਭੇਜੇ ਹਨ।

# ਵਰਿਆਮ ਦੇ ਅੰਕ ਦੀ ਖੁਸ਼ੀ

ਸ. ਅਵਤਾਰ ਸਿੰਘ ਸਪੁਤਰ ਸ. ਲਾਲ ਸਿੰਘ ਪਿੰਡ ਰੱਤ (ਮਲੇਰਕੋਟਲਾ) ਨੇ ਵਰਿਆਮ ਦੇ ਮਾਰਚ ਅੰਕ ਤੇ ਬਹੁਤ ਖੁਸ਼ੀ ਅਤੇ ਪਰਸੰਸਾ ਪਰਗਟ ਕਰਦਿਆ ੧੦੦/- ਰੁਪਿਆ ਮਨੀ-ਆਰਡਰ ਰਾਹੀਂ ਭੇਜਿਆ ਹੈ।



Sri Satguru Jagjit Singh Ji eLibrary NamdhariElibrary@gmail.com

## ਸੰਤ ਕੁੰਦਨ ਸਿੰਘ ਜੀ ਜੰਮੂ ਘਰ ਖੁਸ਼ੀਆਂ

### ਪੋਤਰਿਆਂ ਦੀ ਦਾਤ

ਸੰਤ ਕੁੰਦਨ ਸਿੰਘ ਜੀ ਜੰਮੂ (ਸਵ. ਸ. ਪ੍ਰੀਤਮ ਸਿੰਘ ਦੇ ਵਡੇ ਭਾਈ) ਘਰ ਸਤਿਗੁਰੂ ਜੀ ਨੇ ਖੁਸ਼ੀਆਂ ਦੇ ਅਵਸਰ ਬਖਸ਼ੇ ਹਨ । ਪਹਿਲਾਂ ਉਹਨਾਂ ਨੂੰ ਦੋ ਪੋਤਰਿਆਂ ਦੀ ਦਾਤ ਪ੍ਰਾਪਤ ਹੋਈ ਹੈ । ਉਹਨਾਂ ਦੇ ਸਪੁਤਰ ਰਾਜਿੰਦਰ ਸਿੰਘ ਦੇ ਘਰ ਦੋ ਸਪੁਤਰਾਂ ਜਨਮ ਲਿਆ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹਨਾਂ ਦਾ ਨਾਮ ਰਤਨ ਸਿੰਘ ਅਤੇ ਰਵੇਲ ਸਿੰਘ ਰਖਿਆ ਹੈ ।

### ਸਪੁਤਰ ਦਾ ਅਨੰਦ ਕਾਰਜ

ਸੰਤ ਕੁੰਦਨ ਸਿੰਘ ਜੀ ਦੇ ਸਪੁਤਰ ਸ. ਗੁਰਦੀਪ ਸਿੰਘ ਦਾ ਅਨੰਦ ਕਾਰਜ ਬੀਬੀ ਸ਼ਰਨਜੀਤ ਕੌਰ ਸਪੁਤਰੀ ਸ. ਨਰਿੰਦਰ ਸਿੰਘ ਅਮਰੋਹਾ ਨਾਲ ੧੪ ਅਪਰੈਲ ੧੯੯੦ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਇਆ । ਸੰਤ ਕੁੰਦਨ ਸਿੰਘ ਜੀ ਵਲੋਂ ਖੁਸ਼ੀਆਂ ਦੇ ਪਰਗਟਾਵੇ ਵਜੋਂ ਵਰਿਆਮ ਨੂੰ ੧੫੨/- ਪੁਜੇ ਹਨ ।

## ਸਵਰਨ ਸਿੰਘ ਰੰਧਾਵਾ ਦਾ ਅਨੰਦ ਕਾਰਜ

ਸੰਤ ਜੋਗਾ ਸਿੰਘ ਪਿੰਡ ਮੂਲਾ ਬਧਾ ਜ਼ਿਲਾ ਸੰਗਰੂਰ ਦੇ ਸਪੁਤਰ ਸਵਰਨ ਸਿੰਘ ਦਾ ਅਨੰਦ ਕਾਰਜ ਬੀਬੀ ਨਰਿੰਦਰ ਕੌਰ ਸਪੁਤਰੀ ਸ. ਤਰਲੋਕ ਸਿੰਘ ਬਾਜਵਾ, ੪੦੧. ਤੁਫਾਜਲਪੁਰਾ ਪਟਿਆਲਾ ਨਾਲ ੨੯ ਮਾਰਚ ੧੯੯੦ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ। ਸੰਤ ਖਜ਼ਾਨ ਸਿੰਘ ਰਾਗੀ ਲੜਕੇ ਦੇ ਫੁਫੜ ਜੀ ਹਨ । ਸੰਤ ਜੋਗਾ ਸਿੰਘ ਵਲੋਂ ਵਰਿਆਮ ਨੂੰ ੨੫/- ਰੁਪੈ ਭੇਜੇ ਗਏ ।

## ਸ. ਅਜੀਤ ਸਿੰਘ ਕਲਸੀ, ਬੰਬਈ ਘਰ ਸਮਾਗਮ

ਸੰਤ ਅਜੀਤ ਸਿੰਘ ਕਲਸੀ ਬੰਬਈ ਦੇ ਘਰ ਪਾਠ ਦੇ ਭੋਗ ਦੇ ਅਵਸਰ ਤੇ ਜਥੇਦਾਰ ਧੰਨਾ ਸਿੰਘ ਨੇ ਦੀਵਾਨ ਲਾਇਆ । ਸ: ਅਰਵਿੰਦਰ ਸਿੰਘ ਸੁਰਿੰਦਰ ਸਿੰਘ ਨੇ ਸੰਗੀਤਮਈ ਕੀਰਤਨ ਕੀਤਾ । ਬਚਿਆਂ ਦੀ ਚੜ੍ਹਦੀ ਕਲਾ ਅਤੇ ਕਾਰੋਬਾਰ ਵਿਚ ਬਰਕਤ ਵਾਸਤੇ ਅਰਦਾਸ ਕੀਤੀ ਗਈ । ਨਾਮਧਾਰੀ ਧਰਮਸਾਲਾ ਬੰਬਈ, ਲੰਗਰ ਤੇ ਸਤਿਜੁਗ ਅਖਬਾਰ ਨੂੰ ਸਹਾਇਤਾ ਦਿਤੀ ਗਈ । ਵਰਿਆਮ ਵਾਸਤੇ ੫੦ ਰੁਪੈ ਭੇਜੇ ਗਏ । ਹਥੀਂ ਸੰਤ ਹਜ਼ੂਰ ਸਿੰਘ ਗੁਲਾਟੀ ।

## ਸ. ਹਜ਼ੂਰ ਸਿੰਘ ਜਲੰਧਰ ਘਰ ਪੋਤਰੇ ਦੀ ਦਾਤ

ਸ. ਹਜ਼ੂਰ ਸਿੰਘ (ਬੱਲਾਂ ਵਾਲੇ) ਜੋੜਾ ਪੁਲ ਜਲੰਧਰ ਨੇ ਅਪਣੇ ਪੋਤਰੇ ਲੱਖਾ ਸਿੰਘ (ਸਪੁਤਰ ਜਸਬੀਰ ਸਿੰਘ) ਦੇ ਜਨਮ ਦੀ ਖੁਸ਼ੀ ਵਿਚ ਆਸਾ ਦੀ ਵਾਰ ਦਾ ਕੀਰਤਨ, ਪਾਠ ਦਾ ਭੋਗ ਅਤੇ ਗੁਰੂ ਕੇ ਲੰਗਰ ਦੀ ਸੇਵਾ, ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ ਜਲੰਧਰ ਵਿਚ ਕੀਤੀ। ਇਸ ਅਵਸਰ ਤੇ ਵਰਿਆਮ ਨੂੰ ੨੧/- ਰੁ: ਭੇਟ ਕੀਤੇ ਗਏ ।

## ਸ: ਸੂਰਤ ਸਿੰਘ ਜਲੰਧਰ ਵਲੋਂ ਸਮਾਗਮ

ਸ: ਸੂਰਤ ਸਿੰਘ ਬਲਾਂ ਵਾਲੇ ਜੋੜਾ ਪੁਲ ਜਲੰਧਰ ਨੇ ਅਪਣੇ ਪੋਤਰੇ ਕਾਕਾ ਹਰਨਾਮ ਸਿੰਘ (ਸਪੁਤਰ ਰਵਿੰਦਰ ਸਿੰਘ) ਦੀ ਜਨਮ ਦੀ ਖੁਸ਼ੀ ਵਿਚ ਆਪਣੇ ਗ੍ਰਿਹ ਵਿਖੇ ਸਾਧ ਸੰਗਤ ਦੇ ਚਰਣ ਪੁਆਏ । ਪਾਠ ਦਾ ਭੋਗ ਪਾਇਆ ਗਿਆ । ਪ੍ਰੋ: ਕਿਰਪਾਲ ਸਿੰਘ, ਬਲਬੀਰ ਸਿੰਘ, ਸੁਖਦੇਵ ਸਿੰਘ ਹੋਰਾਂ ਦੇ ਰਾਗੀ ਜੱਥੇ ਨੇ ਕੀਰਤਨ ਕੀਤਾ । ਆਈ ਸੰਗਤ ਤੇ ਰਿਸ਼ਤੇਦਾਰਾਂ ਦੀ ਲੰਗਰ ਪਾਣੀ ਨਾਲ ਸੇਵਾ ਕੀਤੀ ਗਈ । ਵਰਿਆਮ ਨੂੰ ੨੧/— ਰੁ: ਭੇਟ ਕੀਤੇ ।

## ਸੰਤ ਤਾਰਾ ਸਿੰਘ ਜਲੰਧਰ ਘਰ ਖੁਸ਼ੀਆਂ

ਸੰਤ ਤਾਰਾ ਸਿੰਘ ਬਸਤੀ ਬੂਰੇ ਖਾਂ ਜਲੰਧਰ ਨੇ ਅਪਣੇ ਪੋਤਰੇ ਦੀ ਦੇਹ ਅਰੋਗਤਾ ਉਪਰੰਤ ਅਪਣੇ ਗ੍ਰਿਹ ਵਿਖੇ ਸਾਧ ਸੰਗਤ ਦੇ ਚਰਨ ਪੁਆਏ । ਆਸਾ ਦੀ ਵਾਰ ਦਾ ਕੀਰਤਨ ਹੋਇਆ ਪਾਠ ਦਾ ਭੋਗ ਪਿਆ ਅਤੇ ਲੰਗਰ ਵਰਤਾਇਆ ਗਿਆ । ਇਸ ਸਬੰਧ ਵਿਚ ਵਰਿਆਮ ਨੂੰ ੨੧/— ਰੁ. ਭੇਟ ਕੀਤੇ ਗਏ ।

## ਸੰਤ ਤੇਜਾ ਸਿੰਘ ਜਲੰਧਰ ਘਰ ਸਮਾਗਮ

ਮਿਤੀ ੨੯ ਮਾਰਚ ੧੯੯੦ ਨੂੰ ਸੰਤ ਤੇਜਾ ਸਿੰਘ ਪ੍ਰੀਤ ਨਗਰ ਬਸਤੀ ਬੂਰੇ ਖਾਂ ਦੇ ਸਪੁਤਰ ਸ. ਗੁਰਦੇਵ ਸਿੰਘ ਨੇ ੨੫ ਪ੍ਰੀਤ ਨਗਰ, ਸੋਢਲ ਰੋਡ. ਜਲੰਧਰ ਵਿਖੇ ਨਵੇ ਮਕਾਨ ਵਿਚ ਗ੍ਰਿਹ ਪਰਵੇਸ਼ ਕੀਤਾ । ਆਸਾ ਦੀ ਵਾਰ, ਵਰਨੀ ਅਤੇ ਪਾਠ ਦਾ ਭੋਗ ਉਪਰੰਤ ਖੁਲਾ ਲੰਗਰ ਵਰਤਿਆ । ਇਸ ਸਮਾਗਮ ਦੇ ਸਬੰਧ ਵਿਚ ਵਰਿਆਮ ਨੂੰ ੨੧/- ਰੁ: ਸ. ਦੀਪ ਸਿੰਘ ਰਾਹੀਂ ਭੇਜੇ ਹਨ ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਪ੍ਰਤੀਕ੍ਰਿਆ

ਜਨਵਰੀ ੯੦ ਦੇ 'ਵਰਿਆਮ' ਵਿਚ ਦੇਵਿੰਦਰ ਗਿੱਲ ਦਾ ਲੇਖ ਬਹੁਤ ਖੋਜ ਭਰਪੂਰ ਹੈ। ਇਸ ਗਲ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਸਿੱਖ-ਇਤਿਹਾਸ ਵਿਚ ਵੀ ਗਲਤ ਤੱਥਾਂ ਦਾ ਰਲੇਵਾਂ ਹੋਇਆ ਹੈ। ਵਿਦਵਾਨਾਂ ਤੇ ਖੋਜੀਆਂ ਨੂੰ ਸਾਰੀ ਗਲ ਦੁਬਾਰਾਂ ਸਪਸ਼ਟ ਕਰਕੇ ਨਿਤਾਰਾ ਕਰਨਾ ਚਾਹੀਦਾ ਹੈ। "ਵਰਿਆਮ" ਅਜਿਹੇ ਲੇਖ ਛਾਪ ਕੇ ਉਸਾਰੂ ਕੰਮ ਕਰ ਰਿਹਾ ਹੈ ਭਾਵੇਂ ਇਹ ਰਾਹ ਜੋਖਮ ਭਰਿਆ ਹੈ। ਮੁਸ਼ਕਲਾਂ ਭਰੇ ਰਾਹ ਤੇ ਚਲਕੇ ਹੀ ਸਮਾਜ ਨੂੰ ਸੇਧ ਦਿਤੀ ਜਾ ਸਕਦੀ ਹੈ।

ਤਾਲਸਤਾਏ ਦੀ ਕਹਾਣੀ ਦਾ ਮੂਲ ਬਿੰਦੂ 'ਜਦੋਂ ਬੰਦੇ ਕਿਸੇ ਨਾਲ ਮੰਦਾ ਕਰਨਾ ਲੋਚਦੇ ਇਨ ਤਾਂ ਅਸਲ ਵਿਚ ਉਹ ਆਪਣੇ ਆਪ ਦਾ ਮੰਦਾ ਕਰ ਰਹੇ ਹੁੰਦੇ ਹਨ" ਜੇ ਅਸੀਂ ਸਮਝ ਕੇ ਅਪਣਾ ਸਕੀਏ ਤਾਂ ਬਹੁਤੀਆਂ ਸਮਸਿਆਵਾਂ ਆਪਣੇ ਆਪ ਹੱਲ ਹੋ ਜਾਣਗੀਆਂ।

ਫਰਵਰੀ-ਮਾਰਚ ਅੰਕ ਵਿਚ ਨਾਮਧਾਰੀ ਹੋਲੇ-ਮਹੱਲੇ ਸਬੰਧੀ ਬਹੁਤ ਵਧੀਆ ਜਾਣਕਾਰੀ ਦਿਤੀ ਗਈ ਹੈ! ਜਿਨ੍ਹਾਂ ਨੂੰ ਮੇਲੇ ਵਿਚ ਸ਼ਾਮਲ ਹੋਣ ਦਾ ਸੁਭਾਗ ਨਹੀਂ ਪ੍ਰਾਪਤ ਹੋਇਆ ਸੀ ਉਨ੍ਹਾਂ ਨੂੰ ਪੜ੍ਹਕੇ ਹੀ ਮੇਲੇ ਦਾ ਆਨੰਦ ਮਾਣ ਲਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਇਹ ਕਥਨ, ਜੀਵਨ ਦੀ ਕੁੰਜੀ ਹੈ ਕਿ "ਪਰਮਾਰਥ ਤਦ ਹੀ ਸੁਧ ਹੋ ਸਕਦਾ ਹੈ ਜੇ ਵਿਹਾਰ ਸੁਧ ਹੋਵੇ।"

ਤੁਸੀਂ ਵਿਛੜ ਗਏ ਲੇਖਕਾਂ ਤੇ ਵਿਦਵਾਨਾਂ ਦੀਆਂ ਤਸਵੀਰਾਂ ਅਤੇ ਰਚਨਾਵਾਂ ਛਾਪ ਕੇ ਉਨ੍ਹਾਂ ਨੂੰ ਸਹੀ ਸ਼ਰਧਾਂਜਲੀ ਭੇਟ ਕੀਤੀ ਹੈ। "ਕਹਿਕਸ਼ਾਂ" ਬਾਰੇ ਤੁਹਾਡਾ ਲੇਖ ਬਹੁਤ ਵਧੀਆ ਹੈ।

ਮੇਲੇ ਦੀ ਰੀਪੋਰਟ ਵਿਚ ਇਕ ਗੱਲ ਚੁੱਭੀ ਹੈ ਕਿ ਤੁਹਾਡੇ ਵਰਗੇ ਕੋਮਲ ਭਾਈ ਵਿਦਵਾਨ ਨੇ ਵੀ "ਮਜ਼ਹਬੀ ਸਿੰਘ" ਵਰਗੇ ਸ਼ਬਦ ਦਾ ਪ੍ਰਯੋਗ ਕੀਤਾ ਹੈ।

—ਸੁਰਿੰਦਰ ਰਾਮਪੁਰੀ
ਰਾਮਪੁਰ-੧੪੧੪੧੮

ਸਿੰਘ ਕੂਕਿਓਂ ਦੀ ਕਥਾ, ਸੰਪਾਦਕੀ ਅਤੇ ਹੋਲੇ ਮਹੱਲੇ ਬਾਰੇ ਪੜ੍ਹ ਕੇ ਖੁਸ਼ੀ ਹੋਈ। ਰਜਨੀਸ਼ ਬਾਰੇ ਵੀ ਲੇਖ ਆਪਣੀ ਤਰ੍ਹਾਂ ਦਾ ਹੈ। ਬਹੁਤ ਪਿਆਰਾ ਅੰਕ ਹੈ। ਮੇਰੇ ਵਲੋਂ ਸ਼ੁਕਰੀਆ ਕਬੂਲ ਕਰਨਾ ਜੀ।

ਕਿਰਪਾਲ ਕਜ਼ਾਕ

ਪਰਚਾ ਪਹੁੰਚਿਆ ਸ਼ਤਾਬਦੀ ਹੋਲਾ ਅੰਕ ਮਾਰਚ ੧੯੯੦ ਦਾ। ਪਹਿਲਾਂ ਵੀ ਲਗਭਗ ਸਾਰੇ ਪਰਚੇ ਪੜ੍ਹਦਾ ਹਾਂ ਪਰ ਇਹ ਸਾਰਾ ਪੜ੍ਹਿਆ। ਇੰਜ ਵਰਿਆਮ ਪੰਜਾਬੀ ਦੇ ਉਘੇ ਤੇ ਮਸ਼ਹੂਰ ਪਰਚਿਆਂ ਨਾਲ ਆਕੜ ਕੇ ਕੱਦ ਮੇਲ ਰਿਹਾ ਹੈ। ਤੁਹਾਡੀ ਮਿਹਨਤ ਲਗਨ, ਸੂਝ ਤੇ ਤਰਤੀਬ ਨੂੰ ਮੁਬਾਰਕਾਂ ਘੱਲ ਰਿਹਾ ਹਾਂ।

ਜਸਵੰਤ ਸਿੰਘ ਰਾਹੀ
**ਜਸਵੰਤ ਸਿੰਘ ਰਾਹੀ**

ਵਰਿਆਮ ਲਗਾਤਾਰ ਮਿਲ ਰਿਹਾ ਹੈ। ਜਿਸ ਹਿੰਮਤ ਨਾਲ ਤੁਸੀਂ ਪਰਚਾ ਚਲਾ ਰਹੇ ਹੋ, ਉਹ ਸਲਾਹੁਣਯੋਗ ਹੈ।...

ਬਰਜਿੰਦਰ ਸਿੰਘ
ਰੋਜ਼ਾਨਾ ਅਜੀਤ ਜਲੰਧਰ

---

ਵਿਚਾਰ ਅਤੇ ਜਜ਼ਬਾ ਇਕ ਦੂਜੇ ਨਾਲ ਇਕ ਮਿਕ ਹੋ ਜਾਂਦੇ ਹਨ। ਦੋਵੇਂ ਆਤਮਾ ਦੇ ਲਛਣ ਹਨ। ਜਿੰਨਾ ਡੂੰਘਾ ਵਿਚਾਰ ਹੋਵੇ ਸਾਹਿਤ ਓਨਾ ਹੀ ਜ਼ਿਆਦਾ ਸ੍ਰੇਸ਼ਟ ਹੁੰਦਾ ਹੈ।

ਜਿੰਨਾ ਬਹੁਤਾ ਸ੍ਰੇਸ਼ਟ ਜਜ਼ਬਾ ਹੋਵੇ, ਓਨਾ ਹੀ ਡੂੰਘਾ ਉਸਦਾ ਪਰਭਾਵ ਪੈਂਦਾ ਹੈ।

ਜਜ਼ਬਾ ਇਕ ਹਲਕਾਪਨ ਹੈ, ਪਰ ਇਹ ਉਪਰ ਵੀ ਉਠਾਉਂਦਾ ਹੈ। —ਲਮਰਟਾਈਲ



Sri Satguru Jagjit Singh Ji eLibrary NamdhariElibrary@gmail.com

RAJPAL

The Leading Name in Construction Machinery



CONCRETE MIXER 10/7 CFT

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers



CONCETE MIXER 7/5

Phones Office : 529033
Factory : 501973
Resi. : 536093

BALWANT SINGH & SONS

Office : 4E/11 JHANDEWALA EXTN. NEW DELHI-110055

Factory : A 2/3, MAYA PURI, PHASE II Opp. C-70 NEW DELHI-110064



Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM APRIL 1990
Registered with the Registrar of News Papers for India No. 26453/75


# ਅੰਬਰ ਬਿਸਕੁਟ ਪ੍ਰਾ: ਲਿ:

## ਹੈਦਰਾਬਾਦ

**ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ**

# AMBER BISCUITS Pvt. Ltd.

**SANTOSH NAGAR, X'ROAD, HYDERABAD-500035 INDIA**


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
Monthly WARIAM, Ladowali Road, Jalandhar-144001.



Sri Satguru Jagjit Singh Ji eLibrary NamdhariElibrary@gmail.com